KHETI DUNIYAN, PATIALA
ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)

# ਖੇਤੀ ਦੁਨੀਆਂ

Rs.10/-
All Subject to Patiala Jurisdiction.
www.khetiduniyan.in
Editor : Jagpreet Singh ● RNI/PUNPUN00806 ● Issue Dated 05-10-2024 ● Vol.42 No.40 ● Ph. : 0175-2214575, 90410-14575 ● Page : 16 E-mail : khetiduniyan1983@gmail.com



# ਝੋਨੇ 'ਚ ਹਲਦੀ ਰੋਗ ਦੀ ਰੋਕਥਾਮ ਲਈ

## ਬੇਲੋੜੇ ਛਿੜਕਾਅ ਤੋਂ ਗੁਰੇਜ਼ ਦੀ ਲੋੜ

ਝੋਨੇ ਦੀ ਫਸਲ ਉੱਪਰ ਬਿਮਾਰੀਆਂ ਦਾ ਫਸਲ ਤੇ ਹਮਲਾ ਹੋਣ ਦੇ ਕਈ ਕਾਰਨ ਹਨ । ਮੌਸਮੀ ਕਾਰਨ ਜਿਵੇਂ ਕਿ ਹਵਾ ਵਿਚ ਵੱਧ ਨਮੀਂ, ਲਗਾਤਾਰ ਬੱਦਲਵਾਈ ਬਣੇ ਰਹਿਣਾ, ਕੀੜੇ-ਮਕੌੜੇ ਅਤੇ ਬਿਮਾਰੀਆਂ ਲਈ ਅਨੁਕੂਲ ਤਾਪਮਾਨ ਅਤੇ ਕਾਸ਼ਤਕਾਰੀ ਕਾਰਨ ਜਿਵੇਂ ਕਿ ਲੋੜ ਤੋਂ ਵੱਧ ਯੂਰੀਆ ਖਾਦ ਦੀ ਵਰਤੋਂ, ਖੇਤ ਵਿਚ ਪਾਣੀ ਲਗਾਤਾਰ ਖੜ੍ਹਾ ਰੱਖਣਾ, ਗੈਰ-ਸਿਫਾਰਿਸ਼ ਰਸਾਇਣਾਂ ਦੀ ਵਰਤੋਂ ਆਦਿ ਹੋ ਸਕਦੇ ਹਨ । ਝੋਨੇ ਦੀ ਫਸਲ ਵਿਚ ਆਉਣ ਵਾਲੀਆਂ ਬਿਮਾਰੀਆਂ ਵਿਚੋਂ ਝੂਠੀ ਕਾਂਗਿਆਰੀ, ਜਿਸ ਨੂੰ ਹਲਦੀ ਰੋਗ ਵੀ ਕਹਿੰਦੇ ਹਨ, ਦਾ ਹਮਲਾ ਖਾਸ ਤੌਰ ਤੇ ਫਸਲ ਦੇ ਪੱਕਣ ਵੇਲੇ ਦਿਖਾਈ ਦਿੰਦਾ ਹੈ । ਇਸ ਬਿਮਾਰੀ ਦਾ ਹਮਲਾ ਗੋਭ ਅਵਸਥਾ ਤੇ ਹੁੰਦਾ ਹੈ ਅਤੇ ਇਸ ਬਿਮਾਰੀ ਨਾਲ ਮੁੰਜਰਾਂ ਵਿਚ ਦਾਣਿਆਂ ਦੀ ਜਗ੍ਹਾ ਧੂੜੇਦਾਰ ਗੋਲੇ ਬਣ ਜਾਂਦੇ ਹਨ ਜੋ ਪਹਿਲਾਂ ਸਲੇਟੀ ਰੰਗ ਦੇ ਹੁੰਦੇ ਹਨ ਅਤੇ ਬਾਅਦ ਵਿਚ ਪੀਲਾ ਰੰਗ ਧਾਰਨ ਕਰ ਲੈਂਦੇ ਹਨ, ਜਿਸ ਕਾਰਨ ਇਸ ਬਿਮਾਰੀ ਨੂੰ ਹਲਦੀ ਰੋਗ ਦੇ ਨਾਮ ਨਾਲ ਵੀ ਜਾਣਿਆਂ ਜਾਂਦਾ ਹੈ ।

ਇਹ ਦੇਖਣ ਨੂੰ ਮਿਲਿਆ ਹੈ ਕਿ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਦੀਆਂ ਸਿਫਾਰਿਸ਼ਾਂ ਤੋਂ ਵੱਧ ਮਿਕਦਾਰ ਵਿਚ ਖਾਦਾਂ ਦੀ ਵਰਤੋਂ ਕੀਤੀ ਗਈ ਹੈ ਜਾਂ ਲੋੜ ਤੋਂ ਵੱਧ ਪਾਣੀ ਲਾਏ ਗਏ ਹਨ ਉੱਥੇ ਝੋਨੇ ਵਿਚ ਝੂਠੀ ਕਾਂਗਿਆਰੀ (ਹਲਦੀ ਰੋਗ) ਦਾ ਹਮਲਾ ਵਧੇਰੇ ਪਾਇਆ ਗਿਆ ਹੈ । ਇਸ ਲਈ ਝੋਨੇ ਵਿਚ ਖਾਦ ਅਤੇ ਪਾਣੀ ਦੀ ਵਰਤੋਂ ਲੋੜ ਅਨੁਸਾਰ ਕਰਨੀ ਚਾਹੀਦੀ ਹੈ ।

**ਝੋਨੇ ਦੇ ਨਿਸਰਣ ਉਪਰੰਤ ਹਲਦੀ ਦੀਆਂ ਡੋਡੀਆਂ ਬਣਨ ਉਪਰੰਤ ਕਿਸੇ ਵੀ ਉੱਲੀਨਾਸ਼ਕ ਨਾਲ ਇਸ ਨੂੰ ਠੀਕ ਨਹੀਂ ਕੀਤਾ ਜਾ ਸਕਦਾ**

ਝੋਨੇ ਦੀ ਝੂਠੀ ਕਾਂਗਿਆਰੀ ਦੀ ਰੋਕਥਾਮ ਫਸਲ ਦੇ ਗੋਭ ਅਵਸਥਾ ਵਿਚ ਹੋਣ ਸਮੇਂ ਗੈਲੀਲਿਓ ਵੇਅ 18.76 ਐੱਸ ਸੀ (ਪਿਕੋਕਸੀਸਟ੍ਰੋਬਿਨ + ਪ੍ਰੋਪੀਕੋਨਾਜ਼ੋਲ) 400 ਮਿ. ਲਿ. ਜਾਂ ਕੋਸਾਈਡ 46 ਡੀ ਐਫ (ਕਾਪਰ ਹਾਈਡਰੋਕਸਾਈਡ) 500 ਗ੍ਰਾਮ ਪ੍ਰਤੀ ਏਕੜ ਦੇ ਹਿਸਾਬ ਨਾਲ 200 ਲਿਟਰ ਪਾਣੀ ਨਾਲ ਸਪਰੇਅ ਕਰਕੇ ਕੀਤੀ ਜਾ ਸਕਦੀ ਹੈ ।

ਝੋਨੇ ਦੇ ਨਿਸਰਣ ਉਪਰੰਤ ਹਲਦੀ ਦੀਆਂ ਡੋਡੀਆਂ ਬਣਨ ਉਪਰੰਤ ਕਿਸੇ ਵੀ ਉੱਲੀਨਾਸ਼ਕ ਨਾਲ ਇਸ ਨੂੰ ਠੀਕ ਨਹੀਂ ਕੀਤਾ ਜਾ ਸਕਦਾ । ਆਮ ਤੌਰ 'ਤੇ ਕਿਸਾਨ ਝੋਨੇ ਦੇ ਨਿਸਰਣ ਉਪਰੰਤ ਝੂਠੀ ਕਾਂਗਿਆਰੀ ਦੀਆਂ ਡੋਡੀਆਂ ਦਿਸਣ ਵੇਲੇ ਉੱਲੀਨਾਸ਼ਕ ਦਾ ਛਿੜਕਾਅ ਕਰਦੇ ਹਨ ਜਿਸ ਨਾਲ ਕੇਵਲ ਛਿੜਕਾਅ ਦਾ ਖਰਚਾ ਵਧਦਾ ਹੈ ਕਿਉਕਿ ਮੁੰਜਰ ਵਿਚ ਦਾਣੇ ਦੀ ਜਗਾ ਉਸ ਸਮੇਂ ਬਣੀ ਹਲਦੀ ਵਾਲੀ ਡੋਡੀ ਨੂੰ ਕਿਸੇ ਵੀ ਦਵਾਈ ਨਾਲ ਦੁਬਾਰਾ ਦਾਣੇ ਵਿਚ ਨਹੀਂ ਬਦਲਿਆ ਜਾ ਸਕਦਾ । ਇਸ ਲਈ ਝੋਨੇ ਦੇ ਨਿਸਰਣ ਉਪਰੰਤ ਇਸ ਦੇ ਇਲਾਜ ਲਈ ਉੱਲੀਨਾਸ਼ਕ ਦੀ ਸਪਰੇ ਕਾਰਗਰ ਨਹੀਂ ਹੁੰਦੀ ।

ਖੇਤਾਂ ਵਿਚ ਇਹ ਵੀ ਦੇਖਿਆ ਗਿਆ ਹੈ ਕਿ ਆਮ ਤੌਰ ਤੇ ਇਹ ਰੋਗ ਜ਼ਿਆਦਾ ਭਾਰੇ ਝੋਨੇ ਵਿਚ ਆਉਂਦਾ ਹੈ ਅਤੇ ਇਸ ਨਾਲ ਝਾੜ ਦਾ ਬਹੁਤ ਜ਼ਿਆਦਾ ਨੁਕਸਾਨ ਨਹੀਂ ਹੁੰਦਾ । ਇਸ ਲਈ ਕਿਸਾਨ ਵੀਰਾਂ ਨੂੰ ਅਪੀਲ ਹੈ ਕਿ ਝੋਨੇ ਦੇ ਪੱਕਣ ਸਮੇਂ ਇਸ ਦੇ ਇਲਾਜ ਲਈ ਉੱਲੀਨਾਸ਼ਕ ਦਾ ਛਿੜਕਾਅ ਨਾ ਕੀਤਾ ਜਾਵੇ । ਜੋ ਝੋਨਾ ਲੇਟ ਲੱਗਿਆ ਹੈ ਅਤੇ ਇਸ ਸਮੇਂ ਗੋਭ ਅਵਸਥਾ ਵਿਚ ਹੈ ਉੱਥੇ ਇਸ ਦੇ ਬਚਾਅ ਲਈ ਛਿੜਕਾਅ ਕੀਤਾ ਜਾ ਸਕਦਾ ਹੈ ।

ਇਸ ਤੋਂ ਇਲਾਵਾ ਝੋਨੇ ਦੇ ਵੱਢਣ ਸਮੇਂ ਵੀ ਝੋਨੇ ਦੀ ਵਾਢੀ ਤਰੇਲ ਉਪਰੰਤ ਧੁੱਪ ਵਿਚ ਕਰਨੀ ਚਾਹੀਦੀ ਹੈ ਕਿਉਕਿ ਤਰੇਲ ਵਿਚ ਵੱਢੇ ਝੋਨੇ ਦੇ ਦਾਣਿਆਂ ਉੱਪਰ ਬਿਮਾਰੀ ਦਾ ਧੂੜਾ ਲੱਗਣ ਨਾਲ ਦਾਣੇ ਬਦਰੰਗ ਦਿਸਣ ਲੱਗ ਜਾਂਦੇ ਹਨ ।

**ਸੰਦੀਪ ਕੁਮਾਰ ਅਤੇ ਅਮਨਦੀਪ ਸਿੰਘ ਬਰਾੜ, ਕ੍ਰਿਸ਼ੀ ਵਿਗਿਆਨ ਕੇਂਦਰ**
(ਮੋ. 95968-64647)






ਕਿਸਾਨ ਵੀਰੋ !

## ਪਰਾਲੀ ਨਾ ਸਾੜੋ

- ★ ਪਰਾਲੀ ਸਾੜਨ ਨਾਲ ਵਾਤਾਵਰਨ ਪ੍ਰਦੂਸ਼ਿਤ ਹੁੰਦਾ ਹੈ, ਬਹੁਤ ਸਾਰੇ ਜੀਵ ਖਤਮ ਹੋ ਜਾਂਦੇ ਹਨ, ਮਿੱਟੀ ਲਈ ਜ਼ਰੂਰੀ ਜੈਵਿਕ ਤੱਤ ਨਸ਼ਟ ਹੋ ਜਾਂਦੇ ਹਨ ।
- ★ ਪਰਾਲੀ ਨੂੰ ਖੇਤ ਵਿੱਚ ਵਾਹ ਕੇ ਕਈ ਰਸਾਇਣਕ ਤੱਤਾਂ ਦੀ ਬੱਚਤ ਹੁੰਦੀ ਹੈ ।
- ★ ਖੇਤ ਵਿੱਚ ਪਰਾਲੀ ਸੰਭਾਲਣ ਲਈ ਬਹੁਤ ਸਾਰੀ ਕਾਰਗਰ ਮਸ਼ੀਨਰੀ ਮੌਜੂਦ ਹੈ ।
- ★ ਖੇਤ ਤੋਂ ਬਾਹਰ ਪਰਾਲੀ ਸੰਭਾਲ ਕੇ ਮੁਨਾਫੇ ਦੇ ਕਈ ਰਾਹ ਹਨ ।
- ★ ਆਉਣ ਵਾਲੀਆਂ ਪੀੜ੍ਹੀਆਂ ਨੂੰ ਸ਼ੁੱਧ ਵਾਤਾਵਰਨ ਦਿਓ ।
- ★ ਖੇਤ ਵਿੱਚ ਹੀ ਪਰਾਲੀ ਨੂੰ ਸੰਭਾਲਣ ਲਈ ਪੀ ਏ ਯੂ ਦੀ ਸੁਪਰ ਐੱਸ. ਐੱਮ. ਐੱਸ, ਉਲਟਾਵੇਂ ਹੱਲ ਅਤੇ ਰੋਟਾਵੇਟਰ ਤਕਨੀਕਾਂ ਨੂੰ ਅਪਨਾਓ ।
- ★ ਖੜ੍ਹੀ ਪਰਾਲੀ ਵਿੱਚ ਹੀ ਹੈਪੀ ਸੀਡਰ ਮਸ਼ੀਨ ਨਾਲ ਕਣਕ ਦੀ ਸਿੱਧੀ ਬਿਜਾਈ ਨੂੰ ਹੀ ਤਰਜ਼ੀਹ ਦਿਉ ।
- ★ ਇਨ੍ਹਾਂ ਢੰਗਾਂ ਨਾਲ ਮਿੱਟੀ ਦੀ ਉਪਜਾਊ ਸ਼ਕਤੀ ਵਧਦੀ ਹੈ, ਝਾੜ ਬਿਹਤਰ ਹੁੰਦਾ ਹੈ ਅਤੇ ਨਦੀਨ ਘੱਟ ਉੱਗਦੇ ਹਨ ।
- ★ ਆਓ ਪਰਾਲੀ ਸਾੜਨ ਦੇ ਰੁਝਾਨ ਨੂੰ ਰੋਕੀਏ ।

**ਆਓ ਪਰਾਲੀ ਸਾੜਨ ਦੇ ਰੁਝਾਨ ਨੂੰ ਰੋਕੀਏ!**
**ਆਉਣ ਵਾਲੀਆਂ ਪੀੜ੍ਹੀਆਂ ਨੂੰ ਸ਼ੁੱਧ ਵਾਤਾਵਰਨ ਦੇਈਏ!!**



# ਇਸ ਵਾਰ ਝੋਨੇ ਦੇ ਮੰਡੀਕਰਨ ਵਿਚ ਵੀ ਆ ਸਕਦੀ ਹੈ ਮੁਸ਼ਕਿਲ

**ਕਿਸਾਨਾਂ ਕੋਲ ਝੋਨਾ ਵੇਚਣ ਲਈ ਵੀ ਸੰਘਰਸ਼ ਤੋਂ ਬਿਨਾਂ ਕੋਈ ਰਾਹ ਨਹੀਂ ਹੈ । ਜੇ ਉਹ ਸੜਕਾਂ ਰੋਕਣਗੇ ਤਾਂ ਕੁਝ ਸ਼ਹਿਰਾਂ ਇਸ ਦਾ ਵੀ ਵਿਰੋਧ ਕਰਦੇ ਹਨ । ਪੰਜਾਬੀਆਂ ਨੂੰ ਸਮਝਣਾ ਪਵੇਗਾ ਕਿ ਪੰਜਾਬ ਦੇ ਕਿਸਾਨ ਕਣਕ, ਝੋਨਾ, ਨਰਮਾ, ਗੰਨਾ, ਫਲ ਅਤੇ ਸਬਜ਼ੀਆਂ ਦੇ ਰੂਪ ਵਿਚ ਇਕ ਲੱਖ ਕਰੋੜ ਸਾਲਾਨਾ ਦਾ ਸਰਮਾਇਆ ਪੈਦਾ ਕਰਦੇ ਹਨ । ਇਹੋ ਇਕ ਲੱਖ ਕਰੋੜ ਪੰਜਾਬ ਦੇ ਵਪਾਰ ਅਤੇ ਆਰਥਿਕਤਾ ਦਾ ਧੁਰਾ ਹੈ ਜੇ ਇਸ ਨੂੰ ਨਾ ਸੰਭਾਲਿਆ ਤਾਂ ਪੰਜਾਬ ਕਿਵੇਂ ਬਚੇਗਾ ? ਕਿਸਾਨ ਸਰਕਾਰਾਂ ਦੀ ਬੇਰੁਖੀ ਅਤੇ ਬੇਇਮਾਨੀ ਭਰੀਆਂ ਚਾਲਾਂ ਦਾ ਸ਼ਿਕਾਰ ਹੈ ।**

ਥੋੜ੍ਹੇ ਦਿਨਾਂ ਤੱਕ ਪੰਜਾਬ ਦੀਆਂ ਮੰਡੀਆਂ ਵਿਚ ਝੋਨੇ ਦੀ ਫਸਲ ਆਉਣ ਵਾਲੀ ਹੈ । ਇਸ ਵਾਰ ਕਿਸਾਨ, ਰਾਈਸ ਮਿੱਲਾਂ ਦੇ ਮਾਲਕ ਅਤੇ ਆੜ੍ਹਤੀ ਸਾਰੇ ਡਰੇ ਹੋਏ ਹਨ । ਕਿਵੇਂ ਹੋਵੇਗੀ ਝੋਨੇ ਦੀ ਵਿਕਰੀ, ਵਿਕੇਗਾ ਵੀ ਕਿ ਨਹੀਂ ? ਇਹ ਸਵਾਲ ਆਮ ਕਿਸਾਨਾਂ ਅਤੇ ਸਬੰਧਿਤ ਲੋਕਾਂ ਵਿਚ ਘੁੰਮ ਰਹੇ ਹਨ । ਸਰਕਾਰ ਬੇਗਰਜ਼ ਹੋ ਗਈ ਹੈ । ਉਸ ਦੇ ਗੋਦਾਮ ਪੂਰੀ ਤਰ੍ਹਾਂ ਨਾਲ ਚਾਵਲਾਂ ਨਾਲ ਤੂੜੇ ਪਏ ਹਨ । ਵਪਾਰੀ ਮਾਲ ਤਾਂ ਖਰੀਦਦਾ ਹੈ, ਜੇ ਉਸ ਨੂੰ ਭੁੱਖ ਤੇ ਲੋੜ ਹੋਵੇ । ਇਸ



**ਬਲਬੀਰ ਸਿੰਘ ਰਾਜੇਵਾਲ,**
**ਪ੍ਰਧਾਨ ਬੀ. ਕੇ. ਯੂ.,**
**ਭਗਵਾਨਪੁਰਾ ਰੋਡ, ਸਮਰਾਲਾ,**
**ਜ਼ਿਲ੍ਹਾ ਲੁਧਿਆਣਾ-141114**
**(ਮੋ.98152-28005)**

ਵੇਲੇ ਦੁਨੀਆਂ ਭਰ ਵਿਚ ਅੰਨ ਸੰਕਟ ਹੈ । ਪਰ ਸਵਾਲ ਸਰਕਾਰ ਦੀਆਂ ਨੀਤੀਆਂ ਦਾ ਵੀ ਹੈ । ਪਿਛਲੇ ਸਾਲ ਭਾਰਤ ਸਰਕਾਰ ਨੇ ਲਗਭਗ 111 ਲੱਖ ਟਨ ਆਮ ਚਾਵਲ ਵਿਦੇਸ਼ਾਂ ਨੂੰ ਭੇਜ ਕੇ 37805 ਕਰੋੜ ਦਾ ਵਿਦੇਸ਼ੀ ਸਿੱਕਾ ਹੀ ਨਹੀਂ ਕਮਾਇਆ ਸਗੋਂ ਇਸ ਉੱਤੇ 20 ਪ੍ਰਤੀਸ਼ਤ ਐਕਸਪੋਰਟ ਡਿਊਟੀ ਵਜੋਂ 7561 ਰੁਪਏ ਹੋਰ ਵੀ ਕਮਾਏ ਸਨ । ਇਸੇ ਤਰ੍ਹਾਂ 40.45 ਲੱਖ ਟਨ ਬਾਸਮਤੀ ਵੀ ਵਿਦੇਸ਼ਾਂ ਨੂੰ ਭੇਜੀ ਗਈ । ਸਰਕਾਰ ਚਾਹੇ ਤਾਂ ਇਸ ਵਾਰ ਵੀ ਆਮ ਚਾਵਲ ਵਿਦੇਸ਼ਾਂ ਨੂੰ ਭੇਜ ਕੇ ਮੋਟੀ ਕਮਾਈ ਕਰ ਸਕਦੀ ਹੈ । ਪਰ ਸਰਕਾਰ ਦੀ ਨੀਯਤ ਸਾਫ ਨਹੀਂ । ਪੰਜਾਬ ਦੇ ਕਿਸਾਨਾਂ ਨੇ ਲਗਾਤਾਰ ਅੰਦੋਲਨ ਕਰਕੇ ਕੇਂਦਰ ਸਰਕਾਰ ਦਾ ਨੱਕ ਵਿਚ ਦਮ ਕੀਤਾ ਹੋਇਆ ਹੈ । ਇਸੇ ਲਈ ਕੇਂਦਰ ਨੇ ਧਾਨਾਂ ਦੀ ਖਰੀਦ ਸਮੇਂ ਉਨ੍ਹਾਂ ਨੂੰ ਝਟਕਾ ਦੇਣ ਦਾ ਮਨ ਬਣਾਇਆ ਲਗਦਾ ਹੈ ।

ਸਰਕਾਰ ਨੂੰ ਝੋਨੇ ਦੀ ਲੁਆਈ ਤੋਂ ਤੁਰੰਤ ਬਾਅਦ ਹੀ ਅੰਦਾਜ਼ਾ ਹੋ ਜਾਂਦਾ ਹੈ ਕਿ ਇਸ ਵਾਰ ਝੋਨੇ ਦੀ ਕਿੰਨੀ ਪੈਦਾਵਾਰ ਹੋਵੇਗੀ । ਕਿਸਾਨ ਨੂੰ ਕੁਝ ਬਚੇ ਨਾ ਬਚੇ,



ਪਰ ਖਰੀਦ ਦਾ ਪ੍ਰਬੰਧ ਕਰਨ ਵਾਲੀਆਂ ਏਜੰਸੀਆਂ ਅਤੇ ਵਿਭਾਗਾਂ ਦੇ ਅਧਿਕਾਰੀਆਂ ਦਾ ਮਾਲ ਬਣਨਾ ਸ਼ੁਰੂ ਹੋ ਜਾਂਦਾ ਹੈ । ਸਰਕਾਰ ਝੋਨੇ ਲਈ ਕਰੋੜਾਂ ਬੋਰੀਆਂ ਖਰੀਦਦੀ ਹੈ । ਜੋ ਬੋਰੀ ਮਾਰਕਿਟ ਵਿਚ ਆਮ ਆਦਮੀ ਨੂੰ 40 ਰੁਪਏ ਵਿਚ ਮਿਲਦੀ ਹੈ, ਸਰਕਾਰ ਏਜੰਸੀਆਂ ਨੂੰ ਉਹੋ ਬੋਰੀ ਵੱਡੀ ਮਿਕਦਾਰ ਵਿਚ ਖਰੀਦਣ ਦੇ ਬਾਵਜੂਦ 64 ਰੁਪਏ ਵਿਚ ਮਿਲਦੀ ਹੈ । ਬਾਰਦਾਨਾਂ ਖਰੀਦਣ ਵਿਚ ਹੀ ਅਰਬਾਂ ਖਰਬਾਂ ਦਾ ਘਪਲਾ ਹੋ ਜਾਂਦਾ ਹੈ । ਮੰਡੀਆਂ ਵਿਚ ਝੋਨੇ ਦੀ ਖਰੀਦ ਸਮੇਂ, ਖਰੀਦ ਏਜੰਸੀਆਂ ਦੇ ਜ਼ਿਲ੍ਹਾ ਮੈਨੇਜਰ ਸ਼ੈਲਰਾਂ ਵਿਚ ਲੁਆਏ ਝੋਨੇ ਤੋਂ 5 ਰੁਪਏ ਪ੍ਰਤੀ ਕੁਇੰਟਲ ਰਿਸ਼ਵਤ ਲੈਂਦੇ ਹਨ । ਜੇ ਉਹ ਝੋਨਾ ਬਾਹਰਲੀਆਂ ਮੰਡੀਆਂ ਤੋਂ ਆਰ.ਓ. ਨਾਲ ਲਿਆਉਂਦੇ ਹਨ ਤਾਂ ਰਿਸ਼ਵਤ ਦਾ ਰੇਟ 10 ਰੁਪਏ ਪ੍ਰਤੀ ਕੁਇੰਟਲ ਹੋ ਜਾਂਦਾ ਹੈ । ਖਰੀਦ ਏਜੰਸੀਆਂ ਦੇ ਇੰਸਪੈਕਟਰ ਇਸ ਕੰਮ ਵਿਚ ਵਿਚੋਲੇ ਦਾ ਕੰਮ ਕਰਕੇ, ਕੁਝ ਆਪਣਾ ਹਿੱਸਾ ਵੀ ਬਣਾ ਲੈਂਦੇ ਹਨ ।

ਫੂਡ ਸਪਲਾਈ ਵਿਭਾਗ ਦਾ ਤਾਂ ਬਾਬਾ ਆਲਮ ਹੀ ਨਿਰਾਲਾ ਹੈ । ਉਨ੍ਹਾਂ ਕੋਲ ਲੁੱਟ ਮਚਾਉਣ ਲਈ ਅਦਾਰਿਆਂ ਦੀ ਗਿਣਤੀ ਹੀ ਨਹੀਂ ਹੁੰਦੀ । ਪੈਟਰੋਲ ਪੰਪ, ਮਿੱਟੀ ਦਾ ਤੇਲ, ਡਿਪੂ ਹੋਲਡਰਾਂ ਤੋਂ ਹਿੱਸਾ ਪੱਤੀ, ਆੜ੍ਹਤੀਆਂ, ਗੈਸ ਏਜੰਸੀਆਂ, ਸ਼ੈਲਰਾਂ ਦੇ ਲਾਇਸੰਸ ਆਦਿ ਅਨੇਕਾਂ ਹੀ ਵਿਭਾਗ ਉਸ ਦੇ ਘੜੇ ਦੀਆਂ ਮੱਛੀਆਂ ਹਨ । ਜੇ ਕੋਈ ਸੁਧਾਰ ਲਈ ਗੱਲ ਕਰਨਾ ਚਾਹੇ ਤਾਂ ਲੋਕਾਂ ਦੇ ਚੁਣੇ ਹੋਏ ਮੰਤਰੀਆਂ ਤੱਕ ਦਾ ਦਿਮਾਗ ਬਹੁਤ ਉੱਚਾ ਹੈ, ਗੱਲ ਵੀ ਨਹੀਂ ਸੁਣਦੇ । ਝੋਨੇ ਦੀ ਖਰੀਦ ਸਮੇਂ ਆਪਣੇ ਚਹੇਤਿਆਂ ਦੇ ਟੈਂਡਰ ਕੱਢਣੇ ਇਨ੍ਹਾਂ ਦੀ ਕਰੋੜਾਂ ਅਰਬਾਂ ਦੀ ਖੇਡ ਹੈ । ਮਾਰਕੀਟ ਰੇਟ ਤੋਂ ਉੱਚੇ ਰੇਟ ਦੇ ਟਰਾਂਸਪੋਰਟ ਅਤੇ ਲੇਬਰ ਦੇ ਠੇਕੇ ਨੂੰ ਜਾਇਜ਼ ਬਣਾ ਕੇ ਮਾਲ ਬਣਾਉਣਾ ਇਨ੍ਹਾਂ ਦੇ ਖੱਬੇ ਹੱਥ ਦੀ ਖੇਡ ਹੈ ।

ਸਰਕਾਰੀ ਏਜੰਸੀਆਂ ਨੇ ਖਰੀਦੇ ਝੋਨੇ ਵਿਚੋਂ ਕਢਵਾਏ ਚਾਵਲ ਸ਼ੈਲਰਾਂ ਵਾਲਿਆਂ ਤੋਂ ਲੈ ਕੇ ਐਫ. ਸੀ. ਆਈ. ਨੂੰ ਦੇਣੇ ਹੁੰਦੇ ਹਨ । ਜਿਉਂ ਜਿਉਂ ਇਹ ਚਾਵਲ ਐਫ. ਸੀ. ਆਈ. ਕੋਲ ਜਮ੍ਹਾ ਹੋਈ ਜਾਂਦੇ ਹਨ, ਉਸ ਨਾਲ ਝੋਨੇ ਦੀ ਖਰੀਦ ਲਈ ਸੂਬੇ ਨੂੰ ਕੇਂਦਰ ਵੱਲੋਂ ਮਿਲੀ ਲਿਮਿਟ ਦਾ ਖਾਤਾ ਸਾਫ ਹੋਈ ਜਾਂਦਾ ਹੈ । ਐਫ. ਸੀ. ਆਈ. ਦੇ ਕਰਮਚਾਰੀਆਂ ਅਤੇ ਅਧਿਕਾਰੀਆਂ ਲਈ ਪੰਜਾਬ ਲੁੱਟਣ ਲਈ ਸੋਨੇ ਦੀ ਖਾਣ ਹੈ । ਹਰ ਸ਼ੈਲਰ ਮਾਲਕ ਤੋਂ ਬਿਲਕੁਲ ਸਹੀ ਕੰਮ ਕਰਨ ਉੱਤੇ ਵੀ ਪ੍ਰਤੀ ਵੈਗਨ ਅਰਥਾਤ 282 ਕੁਇੰਟਲ ਚਾਵਲਾਂ ਲਈ ਪੰਜ ਤੋਂ ਸੱਤ ਹਜ਼ਾਰ ਰੁਪਏ ਰਿਸ਼ਵਤ ਲਈ ਜਾਂਦੀ ਹੈ । ਜੇ ਕੋਈ ਨਾ ਦੇਵੇ ਤਾਂ ਐਫ. ਸੀ. ਆਈ. ਦੇ ਕਰਮਚਾਰੀ ਅਤੇ ਅਧਿਕਾਰੀ ਉਸਦੀ ਬੱਸ ਕਰਵਾ ਦਿੰਦੇ ਹਨ । ਹਰ ਸਾਲ ਘੱਟੋ-ਘੱਟ 21 ਤੋਂ 30 ਹਜ਼ਾਰ ਕਰੋੜ ਰੁਪਏ ਦੀ ਰਿਸ਼ਵਤ ਪੰਜਾਬ ਵਿਚੋਂ ਐਫ. ਸੀ. ਆਈ. ਨੂੰ ਜਾਂਦੀ ਹੈ, ਹਿੱਸਾ ਪੱਤੀ ਧੁਰ ਉੱਪਰ ਤੱਕ ਹੈ । ਆਮ ਤੌਰ 'ਤੇ ਪੰਜਾਬ ਵਿਚੋਂ ਝੋਨਾ ਖਰੀਦਣ ਲਈ ਕੇਂਦਰ ਸਰਕਾਰ 40 ਤੋਂ 42 ਹਜ਼ਾਰ ਕਰੋੜ ਦੀ ਲਿਮਟ ਦਿੰਦੀ ਹੈ । ਇਸ ਵਿਚੋਂ ਮੰਡੀ ਖਰਚੇ ਆਦਿ ਕੱਢ ਕੇ ਕਿਸਾਨਾਂ ਦੇ ਪੱਲੇ 38 ਹਜ਼ਾਰ ਕਰੋੜ ਤੋਂ ਵੱਧ ਨਹੀਂ ਪੈਂਦਾ, ਪਰ ਐਫ. ਸੀ. ਆਈ. ਜਾਇਜ਼ ਢੰਗ ਨਾਲ ਹੀ ਚਾਵਲ ਗੁਦਾਮਾਂ ਵਿਚ ਲਿਆਉਣ ਦਾ ਹੀ 25 ਹਜ਼ਾਰ ਕਰੋੜ ਤੱਕ ਲੈ ਜਾਂਦੀ ਹੈ । ਗੁਦਾਮਾਂ ਵਿਚ ਦੂਜੇ ਰਾਜਾਂ ਨੂੰ ਇਹ ਚਾਵਲ ਭੇਜਣ ਸਮੇਂ ਵੀ ਮੁਫਤ ਵਿਚ ਕੰਮ ਨਹੀਂ ਹੁੰਦਾ । ਜੇ ਸਾਦਾ ਭਾਸ਼ਾ ਵਿਚ ਕਿਹਾ ਜਾਵੇ ਤਾਂ ਝੋਨੇ ਦੀ ਖਰੀਦ ਅਤੇ ਇਸ ਦੇ ਚਾਵਲ ਲੁਆਉਣ ਤੱਕ ਐਫ. ਸੀ. ਆਈ. ਅਤੇ ਰਾਜ ਦੇ ਕਰਮਚਾਰੀ ਸਮੇਤ ਅਧਿਕਾਰੀ ਕਿਸਾਨਾਂ ਦੇ ਬਰਾਬਰ ਹੀ ਬਿਨਾਂ ਕਿਸੇ ਮਿਹਨਤ, ਕਾਗਜ਼ਾਂ ਦੇ ਖੇਲ ਵਿਚ ਹੀ 38 ਹਜ਼ਾਰ ਕਰੋੜ ਰੁਪਏ ਹੜੱਪ ਜਾਂਦੇ ਹਨ । ਇਸ ਤੋਂ ਬਿਨਾਂ ਵੀ ਬਹੁਤ ਕੁਝ ਹੈ । ਪਰ ਸਵਾਲ ਇਹ ਹੈ ਕਿ ਇਸ ਵਾਰ ਪੰਜਾਬ ਦੇ ਕਿਸਾਨਾਂ ਨਾਲ ਕੀ ਬੀਤੇਗੀ ਅਤੇ ਇਸ ਲਈ ਕੌਣ ਦੋਸ਼ੀ ਹੈ ?

ਪੰਜਾਬ ਦਾ ਅਰਥਚਾਰਾ ਖੇਤੀ ਉੱਤੇ ਨਿਰਭਰ ਹੈ । ਇਸੇ ਲਈ ਹਰ ਫਸਲ ਦੇ ਬੀਜਣ ਤੋਂ ਲੈ ਕੇ ਪਾਲਣ, ਪੱਕਣ, ਵੱਢਣ ਅਤੇ ਮੰਡੀ ਵਿਚ ਵੇਚਣ ਤੱਕ ਕਿਸਾਨਾਂ ਦੇ ਨਾਲ ਨਾਲ ਸਰਕਾਰ ਨੂੰ ਵੀ ਪੱਬਾਂ ਭਾਰ ਹੋਣਾ ਪੈਂਦਾ ਹੈ । ਸਰਕਾਰ ਦੀ ਛੋਟੀ ਤੋਂ ਛੋਟੀ ਢਿੱਲ ਵੀ ਕਿਸਾਨਾਂ ਲਈ ਮੁਸੀਬਤ ਬਣ ਜਾਂਦੀ ਹੈ । ਇਸ ਵਾਰ ਸਰਕਾਰ ਨੇ ਯੂਰੀਆ ਅਤੇ ਡੀ. ਏ. ਪੀ. ਖਾਦ ਦੀ ਮੰਗ ਕੇਂਦਰ ਸਰਕਾਰ ਕੋਲ ਸਮੇਂ ਸਿਰ ਨਹੀਂ ਭੇਜੀ । ਕਿਸਾਨਾਂ ਵਿਚ ਡੀ. ਏ. ਪੀ. ਲਈ ਹੜਕੰਪ ਮਚਿਆ ਹੋਇਆ ਹੈ । ਇਸੇ ਤਰ੍ਹਾਂ ਝੋਨੇ ਦੀ ਲੁਆਈ ਤੋਂ ਤੁਰੰਤ ਬਾਅਦ ਸਰਕਾਰ ਅੰਦਾਜ਼ਾ ਲਾ ਲੈਂਦੀ ਹੈ ਕਿ ਕਿੰਨੀ ਕੁ ਫਸਲ ਮੰਡੀ ਵਿਚ ਆਵੇਗੀ ਅਤੇ ਤੁਰੰਤ ਉਸ ਲਈ ਲੋੜੀਂਦੇ ਪ੍ਰਬੰਧ ਕਰਨ ਵਿਚ ਜੁਟ ਜਾਂਦੀ ਹੈ । ਇੰਨੇ ਨਹੀਂ ਸਰਕਾਰ ਦੀ ਇਹ ਵੀ ਜ਼ਿੰਮੇਵਾਰੀ ਹੁੰਦੀ ਹੈ ਕਿ ਮੰਡੀ ਵਿਚ ਖਰੀਦਿਆ ਅਨਾਜ ਦੂਜੇ ਰਾਜਾਂ ਤੱਕ ਸਮੇਂ ਸਿਰ ਟਿਕਾਣੇ ਉੱਤੇ ਪੁੱਜ ਜਾਵੇ ਅਤੇ ਅਗਲੀ ਫਸਲ ਲਈ ਗੁਦਾਮ ਸਮੇਂ ਸਿਰ ਖਾਲੀ ਹੋ ਜਾਣ । ਝੋਨੇ ਦੀ ਖਰੀਦ ਇਕ ਅਕਤੂਬਰ ਤੋਂ ਸ਼ੁਰੂ ਹੁੰਦੀ ਹੈ । ਇਸੇ ਨੂੰ ਸਿਰੇ ਚੜ੍ਹਾਉਣ ਲਈ ਪੰਜਾਬ ਸਰਕਾਰ ਨੇ 31 ਅਕਤੂਬਰ ਤੱਕ ਮਿਲਿੰਗ ਪਾਲਸੀ ਬਣਾਉਣੀ ਹੁੰਦੀ ਹੈ । ਝੋਨੇ ਵਿਚੋਂ ਚਾਵਲ ਕੱਢਣ ਲਈ ਨਵੰਬਰ ਤੋਂ 31 ਮਾਰਚ ਤੱਕ ਦੇ ਪੰਜ ਮਹੀਨੇ ਦਾ ਸਮਾਂ ਸਭ ਤੋਂ ਵਧੀਆ ਹੁੰਦਾ ਹੈ । ਉਸ ਤੋਂ ਬਾਅਦ ਗਰਮੀ ਦਾ ਮੌਸਮ ਆਉਣ ਕਾਰਨ ਚਾਵਲ ਦੀ ਕੁਆਲਿਟੀ ਵੀ ਪ੍ਰਭਾਵਿਤ ਹੁੰਦੀ ਹੈ ਅਤੇ ਟੋਟਾ ਵੀ ਵੱਧ ਬਣਦਾ ਹੈ । ਪਿਛਲੇ ਸਾਲ ਪੰਜਾਬ ਸਰਕਾਰ ਸੁੱਤੀ ਰਹੀ ਅਤੇ ਮਿਲਿੰਗ ਪਾਲਸੀ ਬਣਾਉਂਦਿਆਂ ਹੀ ਸਾਢੇ ਤਿੰਨ ਮਹੀਨੇ ਲਗਾ ਦਿੱਤੇ ਅਤੇ ਇਹ 15 ਜਨਵਰੀ ਤੱਕ ਬਣ ਸਕੀ । ਉਸ ਤੋਂ ਇਕ ਮਹੀਨਾ ਬਾਅਦ ਤੱਕ ਫਿਰ ਸ਼ੈਲਰ ਚੱਲਣ ਨਹੀਂ ਦਿੱਤੇ, ਅਖੇ ਸਟਾਕ ਦੀ ਜਾਂਚ (Physical Verification) ਕਰਵਾਉਣੀ ਹੈ । ਕੰਮ ਇੱਥੇ ਹੀ ਨਹੀਂ ਮੁੱਕ ਜਾਂਦਾ । ਪੰਜਾਬ ਸਰਕਾਰ ਨੇ ਕੇਂਦਰ ਨਾਲ ਤਾਲਮੇਲ ਰੱਖ ਕੇ ਗੁਦਾਮਾਂ ਵਿਚ ਰੱਖਿਆ ਅਨਾਜ ਦੂਜੇ ਰਾਜਾਂ ਨੂੰ ਵੀ ਭਿਜਵਾਉਣਾ ਹੁੰਦਾ ਹੈ, ਤਾਂ ਜੋ ਝੋਨੇ ਵਿਚੋਂ ਕੱਢੇ ਚਾਵਲਾਂ ਲਈ ਗੁਦਾਮਾਂ ਵਿਚ ਜਗ੍ਹਾ ਬਣ ਸਕੇ । ਇਸ ਕੰਮ ਲਈ ਖੁਰਾਕ ਸਪਲਾਈ ਮੰਤਰੀ ਮੁੱਖ ਤੌਰ 'ਤੇ ਅਤੇ ਲੋੜ ਅਨੁਸਾਰ ਮੁੱਖ ਮੰਤਰੀ ਕੇਂਦਰੀ ਮੰਤਰੀਆਂ ਨੂੰ ਮਿਲ ਕੇ ਗੁਦਾਮ ਖਾਲੀ ਕਰਵਾਉਣ ਲਈ ਲਗਾਤਾਰ ਉਪਰਾਲੇ ਕਰਦੇ ਹਨ । ਪਰ ਪੰਜਾਬ ਦੇ ਖੁਰਾਕ ਸਪਲਾਈ ਮੰਤਰੀ ਨੇ ਤਾਂ ਇਕ ਵਾਰ ਵੀ ਕੇਂਦਰੀ ਖੁਰਾਕ ਮੰਤਰੀ ਦੇ ਦਰਵਾਜ਼ੇ ਉੱਤੇ ਦਸਤਕ ਨਹੀਂ ਦਿੱਤੀ । ਸਿੱਟੇ ਵਜੋਂ ਹਾਲਾਂ ਤੱਕ ਵੀ ਸਾਡੇ ਸ਼ੈਲਰਾਂ ਕੋਲ ਪਿਛਲੇ ਚਾਵਲਾਂ ਦਾ ਦੋ ਲੱਖ ਟਨ ਦਾ ਸਟਾਕ ਜਮ੍ਹਾ ਪਿਆ ਹੈ, ਜਿਸ ਨੂੰ ਰੱਖਣ ਲਈ ਐਫ. ਸੀ. ਆਈ. ਦੇ ਗੁਦਾਮਾਂ ਵਿਚ ਜਗ੍ਹਾ ਨਹੀਂ । ਸ਼ੈਲਰਾਂ ਦਾ ਜੋ ਕੰਮ 31 ਮਾਰਚ ਜਾਂ 30 ਮਈ ਤੱਕ ਪੂਰਾ ਹੋ ਜਾਣਾ ਸੀ, ਉਹ ਸਾਲ ਭਰ ਵਿਚ ਵੀ ਨਹੀਂ ਹੋਇਆ । ਸਿੱਟੇ ਵਜੋਂ ਸਾਰੀ ਦੀ ਸਾਰੀ ਸ਼ੈਲਰ ਸਨਅਤ ਬਹੁਤ ਬੁਰੀ ਤਰ੍ਹਾਂ ਅਰਬਾਂ ਰੁਪਏ ਦੇ ਘਾਟੇ ਵਿਚ ਡੁੱਬ ਗਈ । ਹਾਲਾਂ ਵੀ ਝੋਨੇ ਦੀ ਨਵੀਂ ਫਸਲ ਲਈ ਪੰਜਾਬ ਦੇ ਗੁਦਾਮਾਂ ਵਿਚ ਬਿਲਕੁਲ ਥਾਂ ਨਹੀਂ । ਅਜਿਹੇ ਵਿਚ ਸ਼ੈਲਰ ਮਾਲਕ ਝੋਨਾ ਸ਼ੈਲਰਾਂ ਵਿਚ ਲੁਆ ਕੇ ਜੋਖਮ ਚੁੱਕਣ ਦੀ ਸਥਿਤੀ ਵਿਚ ਨਹੀਂ । ਪੰਜਾਬ ਦੇ ਖੁਰਾਕ ਮੰਤਰੀ ਹਾਲੇ ਵੀ ਕੁੰਭਕਰਨੀ ਨੀਂਦ ਸੁੱਤੇ ਪਏ ਹਨ ।

ਕੇਂਦਰ ਸਰਕਾਰ ਵੀ ਕਿਸਾਨ ਪੱਖੀ ਨਹੀਂ । ਉਹ ਤਾਂ ਹਰ ਹਾਲ ਪੰਜਾਬ ਦਾ ਮੰਡੀਕਰਨ ਢਾਂਚਾ ਤੋੜ ਕੇ ਇਸ 'ਤੇ ਕਾਰਪੋਰੇਟਾਂ ਦਾ ਕਬਜ਼ਾ ਕਰਵਾਉਣਾ ਚਾਹੁੰਦੀ ਹੈ । ਦੁਨੀਆਂ ਦੀ ਮੰਡੀ ਵਿਚ ਚਾਵਲਾਂ ਦੀ ਵੱਡੀ ਮੰਗ ਹੈ । ਪਰ ਕੇਂਦਰ ਤਾਂ ਪੰਜਾਬ ਤੋਂ ਸਬਕ ਸਿਖਾਉਣ ਲਈ ਵਿਉਂਤਾ ਬਣਾਈ ਬੈਠਾ ਹੈ । ਪਰ ਪੰਜਾਬ ਸਰਕਾਰ ਕੀ ਕਰਦੀ ਹੈ ? ਫਸਲ ਖੇਤਾਂ ਵਿਚ ਤਿਆਰ ਹੈ ਪਰ ਪੰਜਾਬ ਦੇ ਮੁੱਖ ਮੰਤਰੀ ਨੂੰ ਕਿਸਾਨਾਂ ਨਾਲੋਂ ਹਰਿਆਣੇ ਦੀ ਚੋਣ ਦੀ ਵਧੇਰੇ ਚਿੰਤਾ ਹੈ ।

ਕਿਸਾਨਾਂ ਕੋਲ ਝੋਨਾ ਵੇਚਣ ਲਈ ਵੀ ਸੰਘਰਸ਼ ਤੋਂ ਬਿਨਾਂ ਕੋਈ ਰਾਹ ਨਹੀਂ ਹੈ । ਜੇ ਉਹ ਸੜਕਾਂ ਰੋਕਣਗੇ ਤਾਂ ਕੁਝ ਸ਼ਹਿਰਾਂ ਇਸ ਦਾ ਵੀ ਵਿਰੋਧ ਕਰਦੇ ਹਨ । ਪੰਜਾਬੀਆਂ ਨੂੰ ਸਮਝਣਾ ਪਵੇਗਾ ਕਿ ਪੰਜਾਬ ਦੇ ਕਿਸਾਨ ਕਣਕ, ਝੋਨਾ, ਨਰਮਾ, ਗੰਨਾ, ਫਲ ਅਤੇ ਸਬਜ਼ੀਆਂ ਦੇ ਰੂਪ ਵਿਚ ਇਕ ਲੱਖ ਕਰੋੜ ਸਾਲਾਨਾ ਦਾ ਸਰਮਾਇਆ ਪੈਦਾ ਕਰਦੇ ਹਨ । ਇਹੋ ਇਕ ਲੱਖ ਕਰੋੜ ਪੰਜਾਬ ਦੇ ਵਪਾਰ ਅਤੇ ਆਰਥਿਕਤਾ ਦਾ ਧੁਰਾ ਹੈ ਜੇ ਇਸ ਨੂੰ ਨਾ ਸੰਭਾਲਿਆ ਤਾਂ ਪੰਜਾਬ ਕਿਵੇਂ ਬਚੇਗਾ ? ਕਿਸਾਨ ਸਰਕਾਰਾਂ ਦੀ ਬੇਰੁਖੀ ਅਤੇ ਬੇਇਮਾਨੀ ਭਰੀਆਂ ਚਾਲਾਂ ਦਾ ਸ਼ਿਕਾਰ ਹੈ । ਪੰਜਾਬੀਆਂ ਨੇ ਹਮੇਸ਼ਾਂ ਹਰ ਔਖੇ ਸਮੇਂ ਦਾ ਡਟ ਕੇ ਮੁਕਾਬਲਾ ਕੀਤਾ ਹੈ, ਹੁਣ ਵੀ ਕਰਨਾ ਪਵੇਗਾ । ਲੋਕਾਂ ਨੂੰ ਪੰਜਾਬ ਦੀ ਲੀਡਰਸ਼ਿਪ ਅਤੇ ਭਾਜਪਾ ਦੀ ਲੀਡਰਸ਼ਿਪ ਨੂੰ ਲੀਹ 'ਤੇ ਲਿਆਉਣ ਲਈ ਸੰਘਰਸ਼ ਕਰਨਾ ਪਵੇਗਾ । ਜੇ ਪੰਜਾਬ ਹੀ ਬਰਬਾਦ ਹੋ ਜਾਣਾ ਹੈ ਤਾਂ ਸਾਡੇ ਰਾਜਨੇਤਾਵਾਂ ਨੂੰ ਵੀ ਸਜ਼ਾ ਭੁਗਤਣ ਲਈ ਤਿਆਰ ਰਹਿਣਾ ਪਵੇਗਾ । ਸੰਘਰਸ਼ ਤੋਂ ਬਿਨਾਂ ਤਾਂ ਝੋਨਾ ਵਿਕਣ ਦੀ ਕੋਈ ਸੰਭਾਵਨਾ ਵੀ ਨਹੀਂ ।



ਡਾ. ਰਣਜੀਤ ਸਿੰਘ

# ਫਸਲਾਂ ਦੇ ਨਾੜ ਦੀ ਸਾਂਭ-ਸੰਭਾਲ ਵਿਸ਼ੇਸ਼ ਯਤਨਾਂ ਦੀ ਲੋੜ



ਪੰਜਾਬ ਦੀ ਖੇਤੀ ਦਾ ਮੁਕੰਮਲ ਮਸ਼ੀਨੀਕਰਨ ਹੋ ਚੁੱਕਾ ਹੈ। ਇਸ ਕਰਕੇ ਪਿੰਡਾਂ ਵਿਚ ਡੰਗਰਾਂ ਦੀ ਗਿਣਤੀ ਘੱਟ ਗਈ ਹੈ। ਪੰਜਾਬੀਆਂ ਦੇ ਘਰ ਲਵੇਰਾ ਹੋਣਾ ਜ਼ਰੂਰੀ ਸਮਝਿਆ ਜਾਂਦਾ ਹੈ। ਪਰ ਦੁੱਧ ਘਿਉ ਵਿਰੁੱਧ ਹੋਏ ਕੂੜ ਪ੍ਰਚਾਰ ਨੇ ਪੰਜਾਬੀਆਂ ਨੂੰ ਦੁੱਧ, ਲੱਸੀ, ਘੀ ਤੋਂ ਦੂਰ ਕਰ ਦਿੱਤਾ ਹੈ। ਮਸ਼ੀਨੀ ਖੇਤੀ ਹੋਣ ਨਾਲ ਕਿਸਾਨਾਂ ਨੂੰ ਸੁੱਖ ਜਾਨ ਦੀ ਆਦਤ ਪੈ ਗਈ ਹੈ। ਹੁਣ ਪਿੰਡਾਂ ਵਿਚ ਬਹੁਤੇ ਘਰਾਂ ਨੇ ਲਵੇਰੇ ਰੱਖਣੇ ਵੀ ਬੰਦ ਕਰ ਦਿੱਤੇ ਹਨ। ਚਾਹ ਲਈ ਦੁੱਧ ਮੁੱਲ ਹੀ ਲੈ ਲਿਆ ਜਾਂਦਾ ਹੈ। ਇੰਝ ਪੱਠਿਆਂ ਦੀ ਲੋੜ ਬਹੁਤ ਘੱਟ ਗਈ ਹੈ। ਕਣਕ ਦੀ ਤੂੜੀ ਅਤੇ ਮੱਕੀ ਦੇ ਟਾਂਡੇ ਤਾਂ ਸਾਰਾ ਸਿਆਲ ਹਰੇ ਚਾਰੇ ਨਾਲ ਰਲਾ ਕੇ ਡੰਗਰਾਂ ਨੂੰ ਪਾਏ ਜਾਂਦੇ ਸਨ। ਲੋੜ ਪੈਣ ਉੱਤੇ ਪਰਾਲੀ ਦੀ ਵੀ ਵਰਤੋਂ ਕੀਤੀ ਜਾਂਦੀ ਸੀ। ਹੁਣ ਫਸਲਾਂ ਦੇ ਨਾੜ ਦੀ ਪਸ਼ੂ ਚਾਰੇ ਲਈ ਲੋੜ ਬਹੁਤ ਘੱਟ ਗਈ ਹੈ। ਹੁਣ ਲਗਭਗ ਕਣਕ-ਝੋਨੇ ਦੀ ਸਾਰੀ ਵਾਢੀ ਮਸ਼ੀਨਾ ਨਾਲ ਹੁੰਦੀ ਹੈ, ਮੱਕੀ ਦੀ ਵਾਢੀ ਲਈ ਵੀ ਮਸ਼ੀਨਾਂ ਆ ਗਈਆਂ ਹਨ। ਇਹ ਮਸੀਨਾਂ ਫਸਲ ਨੂੰ ਧਰਤੀ ਤੋਂ ਚੋਖਾ ਉੱਚਾ ਵੱਢਦੀਆਂ ਹਨ। ਕੰਬਾਈਨ ਗਹਾਈ ਕਰਕੇ ਬਾਕੀ ਫੂਸ ਵੀ ਖੇਤ ਵਿਚ ਹੀ ਖਲਾਰ ਦਿੰਦਾ ਹੈ। ਇਸ ਕਰਕੇ ਪੰਜਾਬ ਵਿਚ ਫਸਲਾਂ ਦੇ ਨਾੜ ਦੀ ਸੰਭਾਲ ਮੁੱਖ ਸਮੱਸਿਆ ਬਣੀ ਹੋਈ ਹੈ। ਸਭ ਤੋਂ ਵੱਧ ਮੁਸ਼ਕਿਲ ਝੋਨੇ ਦੀ ਪਰਾਲੀ ਲਈ ਆਉਂਦੀ ਹੈ। ਝੋਨੇ ਦੀ ਵਾਢੀ ਅਤੇ ਕਣਕ ਦੀ ਬਿਜਾਈ ਵਿਚਕਾਰ ਕੇਵਲ ਕੁਝ ਦਿਨਾਂ ਦਾ ਹੀ ਫਰਕ ਹੈ। ਕਿਸਾਨ ਕਾਹਲੀ ਵਿਚ ਖੇਤ ਤਿਆਰ ਕਰਨ ਲਈ ਪਰਾਲੀ ਨੂੰ ਅੱਗ ਲਗਾ ਦਿੰਦਾ ਹੈ। ਇਸ ਦੇ ਗੰਭੀਰ ਨਤੀਜੇ ਨਿਕਲ ਰਹੇ ਹਨ। ਇਸ ਸਾਲ ਤੋਂ ਕਣਕ ਦੇ ਨਾੜ ਨੂੰ ਅੱਗ ਲਗਾਉਣੀ ਵੀ ਸ਼ੁਰੂ ਹੋ ਗਈ ਹੈ। ਇਸ ਦਾ ਮੁੱਖ ਕਾਰਨ ਤੂੜੀ ਦਾ ਭਾਅ ਘੱਟ ਮਿਲਣਾ ਅਤੇ ਅਗਲੀ ਫਸਲ ਦੀ ਬਿਜਾਈ ਦੀ ਕਾਹਲ ਹੈ। ਪਹਿਲਾਂ ਕਣਕ ਦੀ ਵਾਢੀ ਅਤੇ ਝੋਨੇ ਦੀ ਲੁਆਈ ਵਿਚਕਾਰ ਚੋਖਾ ਸਮਾਂ ਹੁੰਦਾ ਸੀ ਪਰ ਹੁਣ ਕਿਸਾਨਾਂ ਨੇ ਤੀਜੀ ਫਸਲ ਲੈਣੀ ਸ਼ੁਰੂ ਕਰ ਦਿੱਤੀ ਹੈ। ਦੋਆਬੇ ਵਿਚ ਆਲੂ ਪੁੱਟ ਕੇ ਬਸੰਤ ਰੁੱਤੀ ਮੱਕੀ ਦੀ ਬਿਜਾਈ ਹੋਣ ਲੱਗ ਪਈ ਹੈ। ਮਾਲਵੇ ਵਿਚ ਕਣਕ ਵੱਢ ਕੇ ਚਾਰੇ ਲਈ ਮੱਕੀ ਦੀ ਬਿਜਾਈ ਹੋਣ ਲੱਗ ਪਈ ਹੈ। ਕੁੱਝ ਕਿਸਾਨ ਮੂੰਗੀ ਦੀ ਬਿਜਾਈ ਵੀ ਕਰਦੇ ਹਨ। ਗਰਮੀਆਂ ਵਿਚ ਲਈ ਜਾਣ ਵਾਲੀ ਤੀਜੀ ਫਸਲ ਨੇ ਤਾਂ ਪਾਣੀ ਦੇ ਗੰਭੀਰ ਹੋ ਰਹੇ ਮਸਲੇ ਨੂੰ ਵੀ ਹੋਰ

ਬਾਕੀ ਸਫਾ 6 'ਤੇ



# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

**ਰਜਿਸਟਰਡ ਆਫਿਸ :**
9-ਏ, ਅਜੀਤ ਨਗਰ,
ਪਟਿਆਲਾ

**ਮਾਰਕੀਟਿੰਗ ਆਫਿਸ :**
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਫੋਨ : 0175-2214575, ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

**ਸਾਲ 42 ਅੰਕ 40**
**ਮਿਤੀ 05-10-2024**

**ਐਡੀਟਰ**
ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**
ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ



**ਸੰਪਾਦਕੀ ਬੋਰਡ**
ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਛੱਤਰਾ
ਡਾ. ਵਰਿੰਦਰ ਲਾਠਰ



**ਕੰਪੋਜ਼ਿੰਗ**
ਏਕਤਾ ਕੰਪਿਊਟਰਜ਼, ਪਟਿਆਲਾ



**ਨੋਟ**

★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।

★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।

★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor, Printer & Publisher **JAGPREET SINGH**
Printed at **Drishti Printers,** Dasmesh Market,
Near Sher-e-Punjab Market,Gaushala Road, PATIALA &
Published at Patiala for **Prop. JAGPREET SINGH**


# ਬੀਜ ਰਹਿਤ ਖੀਰੇ ਦੀ ਪੌਲੀਨੈੱਟ-ਹਾਊਸ ਵਿਚ ਕਾਸ਼ਤ ਲਈ ਵਿਗਿਆਨਿਕ ਨੁਕਤੇ

**ਬੀਜ ਰਹਿਤ ਖੀਰਾ ਪੌਲੀਨੈੱਟ-ਹਾਊਸ ਵਿਚ ਵਧੇਰੇ ਝਾੜ ਦਿੰਦਾ ਹੈ, ਕਿਉਂਕਿ ਫਲ ਬਣਨ ਲਈ ਬੀਜ ਰਹਿਤ ਕਿਸਮਾਂ ਨੂੰ ਪਰ ਪਰਾਗਣ ਦੀ ਲੋੜ ਨਹੀਂ ਪੈਂਦੀ।**


ਆਰ. ਕੇ. ਢੱਲ, ਹੀਰਾ ਸਿੰਘ ਅਤੇ ਤਰਸੇਮ ਸਿੰਘ ਢਿੱਲੋਂ,
ਸਬਜ਼ੀ ਵਿਗਿਆਨ ਵਿਭਾਗ, ਪੀ. ਏ. ਯੂ., ਲੁਧਿਆਣਾ
ਮੋਬਾਇਲ : 82838-40078


**ਕਿਸਮਾਂ :**

**ਪੀ. ਕੇ. ਐੱਚ-11 :** ਬੂਟੇ ਦੀ ਹਰ ਗੰਢ ਤੇ 1 ਤੋਂ 2 ਫਲ ਲੱਗਦੇ ਹਨ। ਇਸ ਕਿਸਮ ਦੀ ਕਾਸ਼ਤ ਸਿਰਫ ਪੌਲੀ ਹਾਊਸ ਵਿਚ ਹੀ ਸਿਫਾਰਸ਼ ਕੀਤੀ ਗਈ ਹੈ। ਫਲ ਗੂੜ੍ਹੇ ਹਰੇ, ਦਰਮਿਆਨੇ ਲੰਬੇ ਅਤੇ ਔਸਤਨ 150-160 ਗ੍ਰਾਮ ਹੁੰਦੇ ਹਨ, ਜਿਨ੍ਹਾਂ ਨੂੰ ਛਿੱਲ ਲਾਹੇ ਬਿਨਾਂ ਹੀ ਖਾਧਾ ਜਾ ਸਕਦਾ ਹੈ। ਸਤੰਬਰ ਮਹੀਨੇ ਵਿਚ ਬੀਜੀ ਫਸਲ 45 ਦਿਨਾਂ ਬਾਅਦ ਪਹਿਲੀ ਤੁੜਾਈ ਦੇ ਦਿੰਦੀ ਹੈ, ਪ੍ਰੰਤੂ ਜਨਵਰੀ ਮਹੀਨੇ 'ਚ 60 ਦਿਨ ਲੈਂਦੀ ਹੈ। ਸਤੰਬਰ ਮਹੀਨੇ ਵਿਚ ਬੀਜੀ ਫਸਲ ਦਾ ਔਸਤ ਝਾੜ 320 ਕੁਇੰਟਲ/ਏਕੜ ਅਤੇ ਜਨਵਰੀ ਮਹੀਨੇ 'ਚ 370 ਕੁਇੰਟਲ/ਏਕੜ ਹੈ।

**ਪੰਜਾਬ ਖੀਰਾ-1 :** ਇਸ ਕਿਸਮ ਦੀ ਕਾਸ਼ਤ ਸਿਰਫ ਪੌਲੀ / ਨੈੱਟ ਹਾਊਸ ਵਿਚ ਹੀ ਸਿਫਾਰਸ਼ ਕੀਤੀ ਗਈ ਹੈ। ਫਲ ਗੂੜ੍ਹੇ ਹਰੇ, ਕੂਲੇ, ਕੁੜੱਤਣ ਤੇ ਬੀਜ ਰਹਿਤ ਅਤੇ ਔਸਤਨ 125 ਗ੍ਰਾਮ ਦੇ ਹੁੰਦੇ ਹਨ। ਸਤੰਬਰ ਮਹੀਨੇ ਵਿਚ ਬੀਜੀ ਫਸਲ 45 ਦਿਨਾਂ ਬਾਅਦ ਪਹਿਲੀ ਤੁੜਾਈ ਦੇ ਦਿੰਦੀ ਹੈ ਪ੍ਰੰਤੂ ਜਨਵਰੀ ਲਈ 60 ਦਿਨ ਲੈਂਦੀ ਹੈ। ਸਤੰਬਰ ਮਹੀਨੇ ਵਿਚ ਬੀਜੀ ਫਸਲ ਦਾ ਔਸਤ ਝਾੜ 304 ਕੁਇੰਟਲ ਪ੍ਰਤੀ ਏਕੜ ਅਤੇ ਜਨਵਰੀ ਮਹੀਨੇ 'ਚ 340 ਕੁਇੰਟਲ / ਏਕੜ ਹੈ।

**ਮੌਸਮ ਅਤੇ ਜ਼ਮੀਨ :** ਖੀਰੇ ਦੇ ਬੀਜ ਜੰਮ ਲਈ ਢੁੱਕਵਾਂ ਤਾਪਮਾਨ 25 ਤੋਂ 29 ਡਿਗਰੀ ਸੈਂਟੀਗ੍ਰੇਡ ਹੋਣਾ ਚਾਹੀਦਾ ਹੈ। ਫਸਲ ਦੇ ਵਾਧੇ ਲਈ ਦਿਨ ਦਾ ਤਾਪਮਾਨ 22 ਤੋਂ 24 ਡਿਗਰੀ ਸੈਂਟੀਗ੍ਰੇਡ ਅਤੇ ਰਾਤ ਦਾ ਤਾਪਮਾਨ 19 ਤੋਂ 20 ਡਿਗਰੀ ਸੈਂਟੀਗ੍ਰੇਡ ਬਹੁਤ ਅਨੁਕੂਲ ਹੁੰਦਾ ਹੈ। ਖੀਰੇ ਦੀ ਫਸਲ ਲਈ ਜ਼ਮੀਨ ਮੈਰਾ ਅਤੇ ਚੰਗੀ ਨਿਕਾਸੀ ਵਾਲੀ ਹੋਣੀ ਚਾਹੀਦੀ ਹੈ।



**ਬਿਜਾਈ ਦਾ ਸਮਾਂ ਅਤੇ ਬੀਜ ਦੀ ਮਾਤਰਾ :** ਪੌਲੀ ਨੈੱਟ ਹਾਊਸ ਵਿਚ ਖੀਰੇ ਦੀ ਫਸਲ ਸਾਲ ਵਿੱਚ ਦੋ ਵਾਰ ਲਗ ਸਕਦੀ ਹੈ। ਪਹਿਲੀ ਫਸਲ ਸਤੰਬਰ ਦੇ ਪਹਿਲੇ ਹਫਤੇ ਵਿਚ ਬੀਜੀ ਜਾਂਦੀ ਹੈ ਪਰ ਬੀਜਣ ਸਮੇਂ ਤਾਪਮਾਨ ਅਤੇ ਨਮੀਂ ਦਾ ਧਿਆਨ ਰੱਖਣਾ ਜ਼ਰੂਰੀ ਹੈ। ਕਿਉਂਕਿ ਇਸ ਮੌਸਮ ਵਿਚ ਰਿਚੀ ਗਲਣ ਰੋਗ ਅਤੇ ਚਿੱਟੀ ਮੱਖੀ ਦਾ ਹਮਲਾ ਜ਼ਿਆਦਾ ਹੁੰਦਾ ਹੈ। ਦੂਜੀ ਫਸਲ ਦਸੰਬਰ ਦੇ ਆਖਰੀ ਹਫਤੇ ਤੋਂ ਜਨਵਰੀ ਦੇ ਪਹਿਲੇ ਹਫਤੇ ਦਰਮਿਆਨ ਪਲਾਸਟਿਕ ਟਰੇਆਂ ਵਿਚ ਬੀਜੋ ਅਤੇ ਤਕਰੀਬਨ 30 ਦਿਨਾਂ ਬਾਅਦ ਪੌਲੀ ਨੈੱਟ ਹਾਊਸ ਵਿਚ ਲਾਉ। ਬਿਜਾਈ ਤੋਂ ਪਹਿਲਾ ਕੈਪਟਨ / ਥੀਰਮ / ਬਾਵਿਸਟਨ 2-3 ਗਰਾਮ ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ ਸੋਧ ਲਵੋ। ਸਤੰਬਰ ਵਿਚ ਬੀਜੀ ਹੋਈ ਪਨੀਰੀ 12-15 ਦਿਨਾਂ ਬਾਅਦ ਪੌਲੀ ਹਾਊਸ ਵਿਚ ਲਾਉਣ ਲਈ ਤਿਆਰ ਹੋ ਜਾਂਦੀ ਹੈ। ਇਸ ਮੌਸਮ ਵਿਚ ਪਨੀਰੀ ਨੂੰ ਚਿੱਟੀ ਮੱਖੀ ਦੇ ਹਮਲੇ ਤੋਂ ਬਚਾਉਣ ਵਾਸਤੇ ਪਲਾਸਟਿਕ ਨੈੱਟ ਨਾਲ ਢੱਕ ਦਿਓ। ਇਸ ਤਰ੍ਹਾਂ ਕਰਨ ਨਾਲ ਫਸਲ ਤੇ ਵਿਸ਼ਾਣੂੰ ਰੋਗਾਂ ਦੇ ਹਮਲੇ ਤੋਂ ਬਚਾਅ ਰਹਿੰਦਾ ਹੈ।

**ਬੈਡ ਬਣਾਉਣਾ ਅਤੇ ਡਰਿਪ ਪਾਈਪਾਂ ਵਿਛਾਉਣਾ :** ਪੌਲੀ ਨੈੱਟ ਹਾਊਸ ਵਿਚ ਪਟੜੇ ਤਿਆਰ ਕਰਦੇ ਸਮੇਂ ਹੇਠਲੇ ਪਾਸਿਓਂ ਬੈੱਡ 100-110 ਸੈਂਟੀਮੀਟਰ ਚੌੜਾ ਬਣਾਓ ਅਤੇ ਬੈੱਡ ਤਿਆਰ ਹੋਣ ਬਾਅਦ ਉਪਰਲੇ ਪਾਸਿਓਂ 60 ਤੋਂ 70 ਸੈਂਟੀਮੀਟਰ ਚੌੜਾ ਰੱਖੋ। ਬੂਟੇ ਪਟੜਿਆਂ ਦੇ ਦੋਵੇਂ ਪਾਸੇ ਕਤਾਰਾਂ ਵਿਚ ਲਾਓ। ਇਕ ਕਤਾਰ ਜੋੜੇ ਵਿਚ ਦੂਜੀ ਕਤਾਰ ਦੇ ਬੂਟਿਆਂ ਦੀ ਬਿਜਾਈ/ਲਵਾਈ ਤ੍ਰਿਕੋਣੀ ਆਧਾਰ ਵਿਚ ਕਰੋ ਭਾਵ ਕਿ ਇਕ ਕਤਾਰ ਜੋੜੇ ਵਿਚ ਦੂਜੀ ਕਤਾਰ ਦੇ ਬੂਟਿਆਂ ਨੂੰ ਪਹਿਲੀ ਕਤਾਰ ਦੇ ਬੂਟਿਆਂ ਦੇ ਵਿਚਕਾਰ ਲਾਉਣਾ ਚਾਹੀਦਾ ਹੈ। ਇਸ ਤਰ੍ਹਾਂ ਕਰਨ ਨਾਲ ਬੂਟੇ ਨੂੰ ਧੁੱਪ ਅਤੇ ਹਵਾ ਬਰਾਬਰ ਮਿਲਦੀ ਹੈ ਅਤੇ ਫਲ ਵੀ ਜ਼ਿਆਦਾ ਲਗਦਾ ਹੈ।



**ਫਾਸਲਾ ਅਤੇ ਸਿੰਚਾਈ :** ਕਤਾਰਾਂ ਵਿਚਲਾ ਫਾਸਲਾ 45-50 ਸੈਂਟੀਮੀਟਰ ਅਤੇ ਬੂਟਿਆਂ ਵਿਚਕਾਰ ਫਾਸਲਾ 30 ਸੈਂਟੀਮੀਟਰ ਰੱਖੋ। ਇੱਕ ਬੈੱਡ ਤੇ ਦੋ ਡਰਿਪ ਲਾਈਨਾਂ (ਪਾਈਪਾਂ) ਵਿਛਾ ਦਿਓ। ਪਾਈਪ ਜਿਸ ਦੇ ਡਰਿਪਰਾਂ ਵਿਚਕਾਰ ਫਾਸਲਾ ਇਕ ਫੁੱਟ ਅਤੇ ਡਰਿਪਰ ਦੀ ਪਾਣੀ ਨਿਕਾਸੀ ਸਮਰੱਥਾ 2.0 ਲਿਟਰ ਪ੍ਰਤੀ ਘੰਟਾ ਰੱਖੋ।


**ਵੇਲਾਂ ਦੀ ਕਾਂਟ-ਛਾਂਟ ਅਤੇ ਸਿਧਾਈ :** ਖੀਰੇ ਦੇ ਬੂਟੇ ਨੂੰ ਪਲਾਸਟਿਕ ਦੀ ਤਾਰ ਜਾਂ ਸੇਬੇ ਦੀ ਮਦਦ ਨਾਲ ਉੱਪਰ ਵਲ ਚੜ੍ਹਾ ਦਿਓ। ਬੂਟੇ ਦਾ ਵਾਧਾ ਜਦ ਤਕਰੀਬਨ 2 ਤੋਂ 3 ਫੁੱਟ ਦਾ ਹੋ ਜਾਵੇ ਤਾਂ ਬੂਟੇ ਦੇ ਹੇਠਲੇ ਪਾਸਿਉਂ ਲਗਭਗ ਇਕ ਫੁੱਟ ਤੱਕ ਸਾਰੇ ਫੁੱਲ ਮਸਲ ਦਿਓ ਤਾਂ ਜੋ ਬੂਟੇ ਦਾ ਵਾਧਾ ਉੱਪਰ ਵਲ ਜ਼ਿਆਦਾ ਹੋਵੇ। ਜੇ ਬੂਟੇ ਦੀ ਇਕ ਗੰਢ ਤੇ ਜ਼ਿਆਦਾ ਫੁੱਲ ਤਿਆਰ ਹੋ ਣ ਅਤੇ ਮਾਦਾ ਫੁੱਲ ਸੁੱਕਣ ਲਗ ਜਾਣ ਤਾਂ ਲੋੜ ਮੁਤਾਬਕ ਕੁਝ ਮਾਦਾ ਫੁੱਲ: ਨੂੰ ਮਸਲਿਆ ਜਾ ਸਕਦਾ ਹੈ। ਬੂਟੇ ਤੋਂ ਨਿਕਲਣ ਵਾਲੀਆਂ ਕਮਜ਼ੋਰ ਸ਼ਾਖਾਵਾਂ ਨੂੰ ਕਟ ਦਿਓ।

**ਤੁੜਾਈ :** ਫਲ ਜਦ ਕੱਚੇ ਅਤੇ ਗੂੜੇ ਹਰੇ ਰੰਗ ਦੇ ਹੋਣ ਤਾਂ ਤੋੜ ਲਵੋ। ਤੁੜਾਈਆਂ ਫਲਾਂ ਦੇ ਵਾਧੇ ਅਨੁਸਾਰ 3-4 ਦਿਨ ਦੇ ਵਕਫੇ ਤੇ ਕਰਦੇ ਰਹੋ।

**ਬਿਮਾਰੀਆਂ ਅਤੇ ਕੀੜੇ ਮਕੌੜੇ :** ਪੌਲੀ ਨੈੱਟ ਹਾਊਸ ਵਿਚ ਖੀਰੇ ਤੇ ਪੀਲੇ ਧੱਬਿਆਂ ਦਾ ਰੋਗ, ਗਿੱਚੀ ਗਲਣਾ, ਝੁਲਸ ਰੋਗ, ਵਿਸ਼ਾਣੂੰ ਰੋਗ ਅਤੇ ਜੜ੍ਹ ਗੰਢ ਨਿਮਾਟੋਡ ਬਿਮਾਰੀਆਂ ਲਗਦੀਆਂ ਹਨ। ਕੀੜੇ-ਮਕੌੜਿਆਂ ਵਿਚ ਚਿੱਟੀ ਮੱਖੀ, ਤੇਲਾ, ਥਰਿਪ ਅਤੇ ਲਾਲ ਮਕੌੜੇ ਜੂੰ ਖੀਰੇ ਦੀ ਫਸਲ ਤੇ ਹਮਲਾ ਕਰਦੀਆਂ ਹਨ। ਜੜ੍ਹ ਸੂਤਰ ਨਿਮਾਟੋਡ ਦੀ ਬਿਮਾਰੀ ਨੂੰ ਘਟਾਉਣ ਲਈ ਜ਼ਮੀਨ ਵਿਚ ਸਰ੍ਹੋਂ ਦੀ ਖਲ 40 ਕਿਲੋ ਪ੍ਰਤੀ ਏਕੜ, ਨੀਮ ਕੇਕ 40 ਕਿਲੋ ਪ੍ਰਤੀ ਏਕੜ ਅਤੇ ਗਲੀ ਸੜੀ ਰੂੜੀ 100 ਕਿਲੋ/ਏਕੜ ਨੂੰ ਖੇਤ ਤਿਆਰ ਕਰਨ ਸਮੇਂ ਪਾਓ।

# ਖੇਤੀ ਨੀਤੀ ਦੇ ਖਰੜੇ ਵਿੱਚ ਮੰਡੀਕਰਨ ਨੂੰ ਸੋਧਣ ਦੀ ਲੋੜ

**ਮੇਰੇ ਹਿਸਾਬ ਨਾਲ ਅੱਜ ਜੇ ਕਿਸਾਨੀ ਦੀਆਂ ਮੁੱਖ ਸਮੱਸਿਆਵਾਂ ਦੇਖੀਏ ਤਾਂ ਉਸ ਵਿਚ ਪਾਣੀ, ਕਿਸਾਨ ਦੀ ਆਮਦਨ ਨੂੰ ਵਧਾਉਣਾ ਅਤੇ ਬੇਰੁਜ਼ਗਾਰੀ ਦੂਰ ਕਰਨਾ ਹੈ ਤਾਂ ਜੋ ਕਿਸਾਨਾਂ ਦਾ ਗੁਜ਼ਾਰਾ ਚੰਗੀ ਤਰ੍ਹਾਂ ਹੋ ਸਕਣ। ਇਸ ਵਿਚ ਲੋੜ ਉਨ੍ਹਾਂ ਚੀਜ਼ਾਂ ਦੀ ਹੈ ਜੋ ਥੋੜ੍ਹੇ ਸਮੇਂ, ਪੈਸੇ ਅਤੇ ਅੱਜ ਦੇ ਢਾਂਚੇ ਨਾਲ ਲਾਗੂ ਹੋ ਸਕੇ ਅਤੇ ਉਸਦਾ ਕਿਸਾਨਾਂ ਨੂੰ ਫਾਇਦਾ ਹੋਵੇ। ਨੀਤੀ ਉਹ ਹੋਵੇ ਜੋ ਸੂਬਾ ਸਰਕਾਰ ਆਪਣੇ ਪੱਧਰ ਤੇ ਲਾਗੂ ਕਰ ਸਕੇ ਅਤੇ ਕੇਂਦਰ ਤੇ ਨਿਰਭਰਤਾ ਘੱਟ ਤੋਂ ਘੱਟ ਹੋਵੇ।**





ਡਾ. ਅਮਨਪ੍ਰੀਤ ਸਿੰਘ ਬਰਾੜ
ਮੋ: 96537-90000

ਹਾਲ ਹੀ ਵਿਚ ਸਰਕਾਰ ਨੇ ਕਿਸਾਨ ਜੱਥੇਬੰਦੀਆਂ ਦੇ ਜ਼ੋਰ ਪਾਉਣ ਤੇ ਖੇਤੀ ਨੀਤੀ ਦਾ ਤਿਆਰ ਕੀਤਾ ਖਰੜਾ ਜਨਤਕ ਕੀਤਾ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਉਨ੍ਹਾਂ ਨੇ ਇਸ ਤੇ ਕਿਸਾਨਾਂ, ਕਿਸਾਨ ਜੱਥੇਬੰਦੀਆਂ ਤੋਂ ਇਸ ਤੇ ਪ੍ਰਤੀਕਿਰਿਆ ਵੀ ਮੰਗੀ ਹੈ। ਹਾਲਾਂਕਿ ਇਸ ਨੂੰ ਬਣਾਉਣ ਤੋਂ ਪਹਿਲਾਂ ਵੀ ਕਿਸਾਨ ਜੱਥੇਬੰਦੀਆਂ ਅਤੇ ਮਾਹਿਰਾਂ ਤੋਂ ਸੁਝਾਅ ਲਏ ਗਏ ਸੀ। ਇਹ ਰਿਪੋਰਟ ਉਹਨਾਂ ਸੁਝਾਵਾਂ ਦੇ ਅਧਾਰ ਤੇ ਬਣਾ ਕੇ ਹੀ ਜਨਤਕ ਕੀਤੀ ਗਈ ਹੈ ਤਾਂ ਕਿ ਸਾਰੀਆਂ ਸੰਬੰਧਿਤ ਧਿਰਾਂ ਫਿਰ ਇਸ ਤੇ ਆਪਣੇ ਵਿਚਾਰ ਰੱਖ ਸਕਣ ਕੇ ਇਸ ਵਿੱਚੋਂ ਕੀ ਅਤੇ ਕਿਵੇਂ ਪਹਿਲ ਦੇ ਅਧਾਰ ਤੇ ਲਾਗੂ ਹੋਣਾ ਚਾਹੀਦਾ ਹੈ। ਕਹਿਣ ਦਾ ਭਾਵ ਅਜੇ ਇਹ ਕੈਬਨਿਟ ਅਤੇ ਸਰਕਾਰ ਨੇ ਪਾਸ ਕਰਕੇ ਲਾਗੂ ਨਹੀਂ ਕੀਤੀ। ਮੇਰੇ ਹਿਸਾਬ ਨਾਲ ਅੱਜ ਜੇ ਕਿਸਾਨੀ ਦੀਆਂ ਮੁੱਖ ਸਮੱਸਿਆਵਾਂ ਦੇਖੀਏ ਤਾਂ ਉਸ ਵਿਚ ਪਾਣੀ, ਕਿਸਾਨ ਦੀ ਆਮਦਨ ਨੂੰ ਵਧਾਉਣਾ ਅਤੇ ਬੇਰੁਜ਼ਗਾਰੀ ਦੂਰ ਕਰਨਾ ਹੈ ਤਾਂ ਜੋ ਕਿਸਾਨਾਂ ਦਾ ਗੁਜ਼ਾਰਾ ਚੰਗੀ ਤਰ੍ਹਾਂ ਹੋ ਸਕਣ। ਇਸ ਵਿਚ ਲੋੜ ਉਨ੍ਹਾਂ ਚੀਜ਼ਾਂ ਦੀ ਹੈ ਜੋ ਥੋੜ੍ਹੇ ਸਮੇਂ, ਪੈਸੇ ਅਤੇ ਅੱਜ ਦੇ ਢਾਂਚੇ ਨਾਲ ਲਾਗੂ ਹੋ ਸਕੇ ਅਤੇ ਉਸਦਾ ਕਿਸਾਨਾਂ ਨੂੰ ਫਾਇਦਾ ਹੋਵੇ। ਨੀਤੀ ਉਹ ਹੋਵੇ ਜੋ ਸੂਬਾ ਸਰਕਾਰ ਆਪਣੇ ਪੱਧਰ ਤੇ ਲਾਗੂ ਕਰ ਸਕੇ ਅਤੇ ਕੇਂਦਰ ਤੇ ਨਿਰਭਰਤਾ ਘੱਟ ਤੋਂ ਘੱਟ ਹੋਵੇ।

ਇਸ ਰਿਪੋਰਟ ਵਿਚ ਕਈ ਗੱਲਾਂ ਐਸੀਆਂ ਹਨ ਜੋ ਅਸਲ ਸਮੱਸਿਆ ਨੂੰ ਦਰਸਾਉਂਦੀਆਂ ਹਨ ਜਿਵੇਂ ਕਿ ਅੱਜ ਸਾਡੀ ਸਮੱਸਿਆ ਪੈਦਾਵਾਰ ਦੀ ਨਹੀਂ ਬਲਕਿ ਮਾਰਕੀਟਿੰਗ ਯਾਨੀ ਮੰਡੀਕਰਨ ਦੀ ਹੈ ਜਿਸ ਕਰਕੇ ਸਾਨੂੰ ਕਾਫੀ ਪੈਦਾਵਾਰ ਲਾਗਤ ਮੁੱਲ ਤੋਂ ਹੇਠਾਂ ਵੇਚਣੀ ਪੈਂਦੀ ਹੈ ਜਿਸ ਕਰਕੇ ਕਿਸਾਨ ਝੋਨਾ ਲਾਉਣ ਨੂੰ ਮਜ਼ਬੂਰ ਹੁੰਦੇ ਹਨ ਕਿਉਂਕਿ ਉਸਦਾ ਝਾੜ ਵੱਧ ਹੈ ਤੇ ਸਰਕਾਰੀ ਖਰੀਦ ਹੋਣ ਕਾਰਨ ਤਹਿ ਸ਼ੁਦਾ ਮੁੱਲ ਤੇ ਵਿਕਦਾ ਹੈ। ਖੈਰ ਇਸ ਖੇਤੀ ਨੀਤੀ ਵਿਚ ਮੰਡੀਕਰਨ ਤੋਂ ਹੀ ਗੱਲ ਸ਼ੁਰੂ ਕੀਤੀ ਹੈ। ਇਸ ਤੇ ਬਹੁਤ ਵਿਸਥਾਰ ਪੂਰਵਕ ਚਰਚਾ ਕੀਤੀ ਹੈ। ਇਸ ਵਿਚ ਕਈ ਗੱਲਾਂ ਐਸੀਆਂ ਹਨ ਜੋ ਬਹੁਤ ਜ਼ਿਆਦਾ ਸਿਧਾਂਤਕ ਹਨ ਅਤੇ ਜ਼ਮੀਨੀ ਹਕੀਕਤ ਤੋਂ ਕਾਫੀ ਦੂਰ ਹਨ। ਜਿਵੇਂ ਕਿ ਸਲਾਹ ਦਿੱਤੀ ਗਈ ਹੈ ਕਿ ਪਾਕਿਸਤਾਨ ਜ਼ਰੀਏ ਵਪਾਰ ਕੀਤਾ ਜਾਵੇ। ਮੌਜੂਦਾ ਹਾਲਤਾਂ ਦੇ ਮੱਦੇ ਨਜ਼ਰ ਕੇਂਦਰ ਇਹ ਰਸਤਾ ਖੋਲ੍ਹਣ ਦੇ ਹੱਕ ਵਿੱਚ ਨਹੀਂ।

**ਨਵੇਂ ਅਦਾਰੇ** : ਇਸ ਵਿਚ ਸੁਝਾਅ ਹੈ ਕਿ ਪੈਦਾਵਾਰ ਨੂੰ ਮੰਗ ਦੇ ਹਿਸਾਬ ਨਾਲ ਕਰਵਾਇਆ ਜਾਵੇ। ਗੱਲ ਤਾਂ ਬਿਲਕੁਲ ਠੀਕ ਹੈ ਕਿ ਜਿਹੜੀ ਚੀਜ਼ ਦੀ ਜਿੰਨੀ ਮੰਗ ਉਹਨੀ ਹੀ ਪੈਦਾਵਾਰ ਕੀਤੀ ਜਾਵੇ। ਹੁਣ ਸਵਾਲ ਹੈ ਕਿ ਕਿਹੜੀ ਚੀਨ ਦੀ ਦੇਸ਼ ਵਿਦੇਸ਼ ਵਿਚ ਕਿੱਥੇ ਕਿੰਨੀ ਮੰਗ ਹੈ ਹੋਰ ਦੇਸ਼ ਕਿੰਨੀ ਪੈਦਾ ਕਰਦੇ ਹਨ ਅਤੇ ਕੀ ਉਹ ਚੀਜ਼ ਸਾਡੇ ਸੂਬੇ ਦੇ ਵਿਚ ਵਾਤਾਵਰਨ ਦੇ ਹਿਸਾਬ ਨਾਲ ਪੈਦਾ ਕੀਤਾ ਜਾ ਸਕਦੀ ਹੈ ਜਾਂ ਨਹੀਂ। ਇਸ ਲਈ ਇਸ ਪਾਲਿਸੀ ਵਿਚ ਕਈ ਅਦਾਰੇ ਖੜੇ ਕਰਨ ਦਾ ਜ਼ਿਕਰ ਹੈ ਸਭ ਤੋਂ ਪਹਿਲਾਂ ਤਾਂ ਐਗਰੀਕਲਚਰਲ ਮਾਰਕੀਟਿੰਗ ਰੀਸਰਚ ਐਂਡ ਇੰਟੈਲੀਜੈਂਸ ਇੰਸਟੀਚਿਊਟ (AMRII) ਇਸ ਦਾ ਮੁੱਖ ਕੰਮ ਹੋਵੇਗਾ ਕਿ ਕਿਹੜੀ ਚੀਜ਼ ਦੀ ਕਿੱਥੇ ਮੰਗ ਹੈ ਅਤੇ ਕਿੰਨੀ ਉਪਲੱਬਤਾ ਹੈ ਉਹ ਦੱਸਣਾ ਅਤੇ ਆਉਣ ਵਾਲੇ ਸਮੇਂ ਵਿਚ ਮੰਗ ਕਿਸ ਤਰ੍ਹਾਂ ਰਹੂੰਗੀ ਤਾਂ ਜੋ ਖੇਤੀ, ਬਾਗਬਾਨੀ ਮਹਿਕਮਾ ਅਤੇ ਪੀ. ਏ. ਯੂ. ਇਸ ਤੇ ਆਧਾਰਿਤ ਖੋਜ ਅਤੇ ਐਕਸਟੈਂਨਸ਼ਨ ਦੀਆਂ ਸੇਵਾਵਾਂ ਤਿਆਰ ਕਰ ਸਕਣ।

ਇਸ ਦੇ ਨਾਲ ਇਕ ਹੋਰ ਅਦਾਰਾ ਖੜਾ ਕੀਤਾ ਜਾਵੇਗਾ ਜਿਸ ਨੂੰ ਨਾਮ ਦਿੱਤਾ ਹੈ ਇਨੋਵੇਟਿਵ ਐਗਰੀਕਲਚਰਲ ਮਾਰਕੀਟਿੰਗ ਸੋਸਾਇਟੀ (IAMS, Innovative Agricultural marketing Society) ਇਸ ਦਾ ਕੰਮ ਹੋਵੇਗਾ ਕਿ ਬਾਹਰੋਂ ਆਰਡਰ ਲਿਆ ਕਿ ਦੇਵੇ ਤੇ ਉਸ ਤਰ੍ਹਾਂ ਮੰਗ ਨੂੰ ਪੂਰਾ ਕੀਤਾ ਜਾਵੇ। ਇਸ ਦੇ ਵਿਚ ਮੁੱਖ ਸਮੱਸਿਆ ਆਉਣੀ ਹੈ ਕਿ ਸਰਕਾਰ ਕੋਲ ਪੈਸਾ ਹੀ ਨਹੀਂ ਇਹੋ ਜਿਹੇ ਅਦਾਰੇ ਖੜੇ ਕਰਨ ਲਈ। ਅੱਜ ਹਾਲਾਤ ਇਹ ਹਨ ਕਿ ਜਿਹੜੇ ਅਦਾਰੇ ਹਨ ਉਹਨਾਂ ਵਿਚ ਨਵੀਂ ਭਰਤੀ ਨਹੀਂ ਕੀਤੀ ਜਾ ਰਹੀ। ਪੁਰਾਣਿਆਂ ਦੇ ਤਨਖਾਹਾਂ ਅਤੇ ਪੈਨਸ਼ਨਾਂ ਦੇ ਰੌਲੇ ਚੱਲੀ ਜਾਂਦੇ ਹਨ। ਦੂਜਾ ਇਹਨਾਂ ਲਈ ਸਿਰਫ ਇਹ ਤਾਂ ਕਿਹਾ ਗਿਆ ਹੈ ਕਿ ਮਾਰਕੀਟਿੰਗ ਦੇ ਐਕਸਪਰਟ ਰੱਖੇ ਜਾਣਗੇ, ਪਰ ਇਹਨਾਂ ਅਦਾਰਿਆਂ ਦੀ ਬਣਤਰ ਕੀ ਹੋਵੇਗੀ ਤੇ ਕੰਮ ਕਿਸ ਤਰ੍ਹਾਂ ਕਰਨਗੇ ਉਸ ਬਾਰੇ ਵਿਸਥਾਰ ਨਹੀਂ ਕੀਤਾ ਗਿਆ। ਹਾਲਾਂਕਿ ਜਿਹੜੇ ਹੋਰ ਅਦਾਰੇ ਬਣਾਉਣੇ ਹਨ ਉਹਨਾਂ ਬਾਰੇ ਰਿਪੋਰਟ ਵਿਚ ਇਹ ਵਿਸਥਾਰ ਕੀਤਾ ਗਿਆ ਹੈ।

ਇੱਥੇ ਮੈਂ ਇਹ ਜ਼ਿਕਰ ਕਰਨਾ ਚਾਹੁੰਦਾ ਹਾਂ ਕਿ ਪੀ. ਏ. ਯੂ. ਦੇ ਵਿਚ ਪੰਜਾਬ ਐਗਰੀਕਲਚਰ ਮੈਨੇਜਮੈਂਟ ਅਤੇ ਐਕਸਟੈਨਸ਼ਨ ਟਰੇਨਿੰਗ ਇੰਸਟੀਚਿਊਟ (ਪੰਮਤੀ) ਹੈ, ਇਸ ਦਾ ਮੁੱਖ ਕੰਮ ਪ੍ਰਬੰਧਨ ਤੋਂ ਸ਼ੁਰੂ ਕਰਕੇ ਮੰਡੀਕਰਨ ਦੀ ਸਿਖਲਾਈ ਦੇਣਾ ਸੀ। ਪਰ ਅਫਸੋਸ ਹੈ ਇਸ ਅਦਾਰੇ ਨੂੰ ਸਮੇਂ ਨਾਲ ਬਦਲ ਕੇ, ਮੁੱਢਲੀ ਪ੍ਰਬੰਧਨ ਦੀ ਸਿਖਲਾਈ ਤੇ ਹੀ ਖੜ੍ਹਾ ਦਿੱਤਾ ਗਿਆ ਹੈ। ਇਸ ਦਾ ਮੁੱਖ ਕਾਰਨ ਹੈ ਇਸ ਵਿਚ ਨਿਰਦੇਸ਼ਕ ਖੇਤੀਬਾੜੀ ਪੈਦਾਵਾਰ ਦੀ ਸੋਚ ਵਾਲੇ ਹੀ ਲੱਗੇ ਜਿਸ ਕਰਕੇ ਐਗਰੀਕਲਚਰ ਐਕਸਟੈਨਸ਼ਨ ਸਟਾਫ ਦੀ ਟਰੇਨਿੰਗ ਮੁੱਢਲੀ ਪ੍ਰਬੰਧਨ ਅਤੇ ਮਾਰਕੀਟਿੰਗ ਦੀ ਥਿਊਰੀ ਤੱਕ ਹੀ ਰਹੀ। ਇਸ ਦੇ ਅੱਗੇ ਬਿਜ਼ਨਸ ਪਲੈਨ ਬਣਾ ਕੇ, ਗੁਣਵੱਤਾ ਵਧਾ ਕੇ ਮੁਨਾਫਾ ਵਧਾਉਣ ਲਈ ਕਿਸਾਨ ਤੱਕ ਨਹੀਂ ਪਹੁੰਚਾਇਆ। ਪੰਮਤੀ ਦੇ ਸ਼ੁਰੂ ਦੇ ਸਾਲਾਂ ਵਿਚ ਇਸ ਪਾਸੇ ਕਦਮ ਵਧਾ ਕੇ ਗਰੁੱਪ ਬਣਾਏ ਗਏ ਸਨ ਕੁਝ ਟੁੱਟ ਗਏ ਕੁਝ ਚੱਲ ਰਹੇ ਹਨ। 'ਵਿਗਰ ਸੋਇਆ ਪ੍ਰੋਡਕਟ' ਉਸੇ ਦਾ ਨਤੀਜਾ ਹੈ। ਮੇਰਾ ਸਾਰੀ ਵਿਆਖਿਆ ਦਾ ਮਤਲਬ ਪੰਮਤੀ ਖੇਤੀ ਨਾਲ ਜੁੜੇ ਸਹਿਕਰਮੀਆਂ ਨੂੰ ਸਿਖਲਾਈ ਦੇ ਕੇ ਅੱਗੋਂ ਕਿਸਾਨਾਂ ਤੱਕ ਪਹੁੰਚਾਇਆ ਜਾਵੇ। ਇਸ ਲਈ ਐਮ, ਬੀ. ਏ. ਅਤੇ ਬੀ. ਐਸ. ਸੀ. ਐਗਰੀਕਲਚਰ ਵਾਲੀ ਯੋਗਤਾ ਨੂੰ ਬਦਲ ਕੇ ਖੁੱਲ੍ਹਾ ਕਰਨਾ ਚਾਹੀਦਾ ਹੈ। ਜਿਸ ਵਿਚ ਪੀ. ਐਚ. ਡੀ. ਮਾਰਕੀਟਿੰਗ; ਐਮ. ਬੀ. ਏ., ਬੀ. ਕਾਮ., ਬੀ. ਬੀ. ਏ. ਨੂੰ ਨਾਲ ਰਲਾਉਣਾ ਚਾਹੀਦਾ ਹੈ, ਕਿਉਕਿ ਮੁੱਦਾ ਮਾਰਕੀਟਿੰਗ ਦਾ ਹੈ ਪੈਦਾਵਾਰ ਦਾ ਨਹੀਂ।

ਇਹਨਾਂ ਹੀ ਨਹੀਂ ਕਿਉਕਿ ਪ੍ਰੋਜੈਕਟ ਬਣਨਾ ਹੈ ਅਤੇ ਇੰਡਸਟਰੀ ਨੇ ਪਾਸ ਕਰਨਾ ਹੈ ਇਸ ਲਈ ਇੰਡਸਟਰੀ ਵਿਭਾਗ ਨੂੰ ਨਾਲ ਜੋੜਿਆ ਜਾਵੇ ਅਤੇ ਉਹਨਾਂ ਨੂੰ ਟੀਚੇ ਵੀ ਦਿੱਤੇ ਜਾਣ ਤਾਂ ਕਿ ਉਹ ਪ੍ਰੋਜੈਕਟ ਬਣਾਉਣ ਵਿਚ ਸਹਾਇਤਾ ਕਰਨ ਰੋੜਾ ਨਾ ਅਟਕਾਉਣ।

ਮੁੱਖ ਫਸਲਾਂ/ਵਸਤੂਆਂ ਦੇ ਵਿੱਚ ਖੋਜ ਲਈ ਉੱਤਮਤਾ ਦੇ ਕੇਂਦਰ (Centre of Excellence) ਬਣਾਉਣ ਦੀ ਤਜ਼ਵੀਜ਼

ਬਾਕੀ ਸਫਾ 10 'ਤੇ



# ਹੱਸਦਾ ਤਵਾ

ਪੁਰਾਤਨ ਵੇਲਿਆਂ ਵਿਚ ਜਦ ਲਾਈਟ ਨਹੀਂ ਸੀ ਸਭ ਪਾਸੇ ਰਾਤ ਦਾ ਹਨੇਰਾ ਪਸਰ ਜਾਂਦਾ ਸੀ । ਮੈਂ ਆਪਣੇ ਸਮੇਂ ਬਿਜਲੀ ਨਾ ਹੋਣ ਕਾਰਨ ਆਪਣੀ ਪੜ੍ਹਾਈ ਦੀਵੇ ਦੀ ਰੌਸ਼ਨੀ ਹੇਠ ਕੀਤੀ ਸੀ । ਕਧੋਲੀ ਤੇ ਦੀਵੇ ਜਗ੍ਹਾ ਕੇ ਮੈਂ ਪੜ੍ਹਦਾ ਲਿਖਦਾ ਰਿਹਾ ਸੀ । ਉਸ ਵੇਲੇ ਲਾਲਟੈਨ ਜਾਂ ਮਿੱਟੀ ਦੇ ਤੇਲ ਦੇ ਦੀਵੇ ਬਾਲ ਕੇ ਰੌਸ਼ਨੀ ਕਰੀ ਜਾਂਦੀ ਸੀ । ਘਰ ਦੀਆਂ ਸੁਆਣੀਆਂ ਹਨੇਰੇ ਹੋਣ ਤੋਂ ਪਹਿਲੇ ਰੋਟੀ ਟੁੱਕਰ ਬਣਾ ਕੇ ਉਹ ਆਪਣਾ ਕੰਮ ਨਿਬੇੜ ਲੈਂਦੀਆਂ ਸਨ । ਕਿਉਂਕਿ ਹਨੇਰੇ ਵਿਚ ਕੰਮ ਕਰਨਾ ਹੁੰਦਾ ਸੀ । ਕਈ ਵਾਰ ਰੋਟੀਆਂ ਹਨੇਰੇ ਵਿਚ ਪਕਾਉਣੀਆਂ ਪੈਂਦੀਆਂ ਸਨ । ਆਮ ਰਾਤ ਨੂੰ ਪਿੰਡਾਂ ਵਿਚ ਘੁੱਪ ਹਨੇਰਾ ਹੁੰਦਾ ਸੀ । ਮਿੱਟੀ ਦੇ ਤੇਲ ਦਾ ਪੀਪਾ ਲਿਆ ਕੇ ਰੱਖਿਆ ਜਾਂਦਾ ਸੀ । ਅਤੇ ਪੂਰਾ ਵਰ੍ਹਾ ਉਸੇ ਪੀਪੇ ਨਾਲ ਕੱਢਿਆ ਜਾਂਦਾ ਸੀ । ਪਸ਼ੂਆਂ ਦੇ ਕੋਠੇ ਵਿਚ ਬੋਤਲ ਦਾ ਦੀਵਾ ਬਣਾ ਕੇ ਰੱਖਿਆ ਜਾਂਦਾ ਸੀ । ਲੋਹੇ ਦੇ ਢੱਕਣ ਵਿਚ ਸੁਰਾਖ ਮਾਰ ਕੇ ਬੱਤੀ ਪਾ ਲਈ ਜਾਂਦੀ ਸੀ ਅਤੇ ਰੌਸ਼ਨੀ ਦਾ ਕੰਮ ਇਸ ਬੋਤਲ ਤੋਂ ਲਿਆ ਜਾਂਦਾ ਸੀ ਅਤੇ ਦੂਸਰੇ ਕਮਰਿਆਂ ਵਿਚ ਬਜ਼ਾਰੋਂ ਲੋਹੇ ਦੀ ਦੀਵੇ ਮਿਲ ਜਾਂਦੇ ਸਨ ਉਸ ਵਿਚ ਬੱਤੀ ਵੀ ਪਾਈ ਜਾਂਦੀ ਸੀ । ਪੁਰਾਤਨ ਵੇਲਿਆਂ ਵਿਚ ਇਉਂ ਰੌਸ਼ਨੀ ਦਾ ਉਪਰਾਲਾ ਕੀਤਾ ਜਾਂਦਾ ਸੀ ।



**ਜਗਜੀਤ ਸਿੰਘ ਝੱਤਰਾ,**
ਪੰਜਾਬੀ ਲਿਖਾਰੀ ਸਭਾ, ਪਿੰਡ ਝੱਤਰੇ,
ਤਹਿ. ਜ਼ੀਰਾ, ਜ਼ਿਲਾ ਫਿਰੋਜ਼ਪੁਰ-152028
ਮੋ: 7814490249

ਜਦ ਰਾਤ ਕਈ ਵਾਰ ਤਵਾ ਰੋਟੀਆਂ ਪਕਾ ਕੇ ਚੁੱਲੇ ਦੇ ਉੱਪਰ ਇਕ ਪਾਸੇ ਟੇਡਾ ਕਰਿਆ ਜਾਂਦਾ ਸੀ ਤਵੇ ਦੇ ਪੁੱਠੇ ਪਾਸੇ ਅੱਗ ਦੀਆਂ ਛੋਟੀਆਂ ਛੋਟੀਆਂ ਚੰਗਿਆੜੀਆਂ ਦਿਖਾਈ ਦਿੰਦੀਆਂ ਤੇ ਕਿਹਾ ਜਾਂਦਾ ਕਿ ਤਵਾ ਹੱਸਦਾ ਏ, ਕੋਈ ਹੋਰ ਪ੍ਰਾਹੁਣਾ ਆਵੇਗਾ । ਜੇ ਕਾਫੀ ਲਗਾਤਾਰ ਏਦਾਂ ਹੁੰਦਾ ਹਰੇ ਤਾਂ 4-5 ਪੰਜ ਰੋਟੀਆਂ ਦਾ ਆਟਾ ਗੁੰਨ ਕੇ ਰੱਖ ਲੈਣਾ ਆਮ ਵਿਸ਼ਵਾਸ ਕੀਤਾ ਜਾਂਦਾ ਸੀ ਕਿ ਜੇ ਤਵਾ ਹੱਸਦਾ ਹੈ ਤਾਂ ਪ੍ਰਾਹੁਣੇ ਆਉਣਗੇ ਇਕ ਲੋਕਾਂ ਦਾ ਪੱਕਾ ਵਿਸ਼ਵਾਸ ਸੀ ਜਾਂ ਸੁਹਾਣੀਆਂ ਕਹਿੰਦੀਆਂ ਕਿ ਮਾਮੇ ਆਉਣ ਤੇ ਤਵਾ ਹੱਸਦਾ ਹੈ । ਜ਼ਰੂਰ ਬੱਚਿਉ ਤੁਹਾਡਾ ਮਾਮਾ ਆਵੇਗਾ ਅਤੇ ਬੱਚਿਆਂ ਨੇ ਖ਼ੁਸ਼ੀ ਖ਼ੁਸ਼ੀ ਕੰਮ ਕਰੀ ਜਾਣਾ ਜਿਹੜੇ ਉਹਨਾਂ ਦੀ ਮਾਂ ਕਹਿਣਾ ਅਤੇ ਮਾਮੇ ਆਉਣ ਦੀ ਖ਼ੁਸ਼ੀ ਮਨਾਉਣੀ, ਕਿਸੇ ਦਾ ਪੈਰ ਧਰਤੀ ਤੇ ਨਾ ਲੱਗਣਾ ਘਰ ਵਿਚ ਖ਼ੁਸ਼ੀਆਂ ਦਾ ਮਾਹੌਲ ਛਾ ਜਾਣਾ ਤੇ ਮਾਂ ਦਾ ਵੀ ਧਰਤੀ ਪੈਰ ਨਾਲ ਲੱਗਣਾ ਕਿ ਅਜ ਮੇਰਾ ਭਰਾ ਆਵੇਗਾ । ਖ਼ੁਸ਼ੀ ਵਿਚ ਖੀਵੀ ਹੋਈ ਫਿਰਨਾ ।

ਖ਼ੁਸ਼ੀ ਖ਼ੁਸ਼ੀ ਦੀਵੇ ਦੀ ਰੌਸ਼ਨੀ ਵਿਚ ਰੋਟੀਆਂ ਪਕਾਉਣੀ ਕੋਈ ਵੀ ਹਨੇਰੇ ਦਾ ਚਿੰਤਾ ਨਾ ਕਰਨੀ ਅਤੇ ਸਾਰੇ ਘਰ ਵਿਚ ਵਧੀਆ ਵਧੀਆ ਪਕਾਣ ਪੱਕਣੇ ਮਾਮੇ ਦੀ ਸੇਵਾ ਵਿਚ ਕੋਈ ਕਸਰ ਬਾਕੀ ਨਾ ਛੱਡਣੀ ਰਾਤ ਦੇ ਸਮੇਂ ਮਾਮੇ ਵਾਸਤੇ ਵਧੀਆ ਸੋਹਣਾ ਮੰਜੇ ਉੱਪਰ ਬੱਚਿਆਂ ਵਿਛਾ ਦੇਣਾ ਅਤੇ ਬੱਚੇ ਸਾਰੇ ਇਕੱਠੇ ਹੋ ਕੇ ਮਾਮੇ ਦੇ ਮੰਜੇ ਤੇ ਬੈਠ ਜਾਣੇ ਤੇ ਮਾਮੇ ਨੂੰ ਆਖਣਾ ਕਿ ਮਾਮਾ ਬਾਤ ਰਜੇ ਰਾਣੀ ਵਾਲੀ ਸੁਣਾਓ ਤੇ ਮਾਮੇ ਨੇ ਰਜੇ ਰਾਣੀ ਵਾਲੀ ਬਾਤ ਸੁਨਾਉਣੀ ਸ਼ੁਰੂ ਕਰ ਦੇਣੀ । ਬੱਚਿਆਂ ਨੇ ਹੁੰਗਾਰਾ ਭਰਦਿਆਂ ਸੌਂ ਜਾਣਾ ਤੇ ਮਾਮੇ ਨੇ ਵੀ ਬਾਤ ਸੁਨਾਉਣੀ ਬੰਦ ਕਰ ਦੇਣੀ ।

ਪਰ ਤਵਾ ਚੁੱਲੇ ਦੇ ਇਕ ਪਾਸੇ ਟੇਡਾ ਕਰਿਆ ਅਜੇ ਵੀ ਹੱਸੀ ਜਾ ਰਿਹਾ ਸੀ । ਬੱਚਿਆਂ ਦੀ ਮਾਂ ਨੇ ਕਹਿਣਾ ਕਿ ਤਵਿਆ ਹੁਣ ਹੱਸਣਾ ਬੰਦ ਕਰਦੇ ਹੁਣ ਮਾਮਾ ਵੀ ਬੱਚਿਆਂ ਦਾ ਆ ਗਿਆ । ਹੁਣ ਬਹੁਤਾ ਨਾ ਹੱਸ ਹਨੇਰਾ ਬਹੁਤ ਹੋ ਗਿਆ ਹੈ । ਕਿਤੇ ਬੱਚਿਆਂ ਦੀ ਭੂਆ ਨਾ ਆਵੇ ਹੁਣ ਤੂੰ ਚੁੱਪ ਕਰ ਅਸੀਂ ਵੀ ਸੌਣਾ ਹੈ । ਜੇ ਚੁੱਪ ਕਰੇਗਾ ਤਾਂ ਹੀ ਭੂਆ ਨਹੀਂ ਆਵੇਗੀ ।

# ਮੀਂਹ ਆਇਆ

ਭਾਦਰੋਂ ਦੇ ਹੁਮਸ ਤੋਂ ਛੁਟਕਾਰਾ ਪਾਇਆ
ਮੀਂਹ ਆਇਆ, ਮੀਂਹ ਆਇਆ ।
9 ਜੁਲਾਈ ਨੂੰ ਕਣੀਆਂ ਆਈਆਂ
ਕਣੀਆਂ ਸਹਿਜੇ ਕਿਣ ਮਿਣ ਲਾਈਆਂ ।
ਹਲਕੇ ਮੀਂਹ ਨੇ ਮੌਸਮ ਸੋਹਣਾ ਕਰਿਆ,
ਇੰਤਜ਼ਾਰ ਸੀ ਮੀਂਹ ਦਾ ਕਰਿਆ ।
ਤਾਣ ਛੱਤਰੀ ਅਬੀ ਖੜਿਆ,
ਪਾਣੀ ਨਾਲ ਸੀ ਵੇਹੜਾ ਭਰਿਆ ।
ਡੱਡੂਆਂ ਉੱਚੀ ਰੌਲਾ ਪਾਇਆ
ਮੀਂਹ ਆਇਆ, ਮੀਂਹ ਆਇਆ ।
ਬਣਾਈ ਕਿਸ਼ਤੀ ਸੈਟੂ ਹੋਰਾਂ,
ਪੈਣ ਲੱਗਾ ਮੀਂਹ ਪੂਰੇ ਜ਼ੋਰਾਂ ।
ਮਸਤੀ ਭਰਿਆ ਮਾਹੌਲ ਛਾਇਆ
ਮੀਂਹ ਆਇਆ, ਮੀਂਹ ਆਇਆ ।
ਜਗਜੀਤ ਅੰਕਲ ਕਹੇ ਵੀ ਸਾਨੂੰ,
ਵਗਦੇ ਪਾਣੀ 'ਚ ਜਾਣਾ ਕਾਹਨੂੰ ।

**ਜਗਜੀਤ ਸਿੰਘ ਝੱਤਰਾ, ਪੰਜਾਬੀ ਲਿਖਾਰੀ ਸਭਾ, ਪਿੰਡ ਝੱਤਰੇ, ਤਹਿ. ਜ਼ੀਰਾ, ਜ਼ਿਲਾ ਫਿਰੋਜ਼ਪੁਰ-152028 ਮੋ: 7814490249**

------- ਬਾਕੀ ਸਫਾ 3 ਦੀ -------

# ਫਸਲਾਂ ਦੇ ਨਾੜ ਦੀ ਸਾਂਭ-ਸੰਭਾਲ - ਵਿਸ਼ੇਸ਼ ਯਤਨਾਂ ਦੀ ਲੋੜ

ਗੰਭੀਰ ਬਣਾ ਦਿੱਤਾ ਹੈ ।

ਸਿੰਚਾਈ ਸਹੂਲਤਾਂ ਤੇ ਵਾਧੇ ਨਾਲ ਕਣਕ ਅਤੇ ਝੋਨੇ ਹੇਠ ਰਕਬੇ ਵਿਚ ਤੇਜ਼ੀ ਨਾਲ ਵਾਧਾ ਹੋਇਆ ਹੈ । ਅਸਲ ਵਿਚ ਵਾਹੀ ਹੇਠ ਬਹੁਤੀ ਧਰਤੀ ਵਿਚ ਕਣਕ-ਝੋਨਾ ਹੀ ਮੁੱਖ ਫਸਲ ਚੱਕਰ ਬਣ ਗਿਆ ਹੈ । ਦੋਵਾਂ ਫਸਲਾਂ ਦੀ ਉਪਜ ਖਰੀਦ ਸਰਕਾਰ ਕਰਦੀ ਹੈ, ਪਾਣੀ ਮੁਫਤ ਮਿਲਦਾ ਹੈ ਅਤੇ ਖੇਚਲ ਬਹੁਤ ਘੱਟ ਹੋਣ ਕਰਕੇ ਕੋਸ਼ਿਸ਼ਾਂ ਦੇ ਬਾਵਜੂਦ ਵੀ



ਇਨ੍ਹਾਂ ਦੋਵਾਂ ਫਸਲਾਂ ਹੇਠ ਰਕਬਾ ਘੱਟ ਨਹੀਂ ਸਕਿਆ । ਵਧ ਰਹੀ ਆਬਾਦੀ ਦੀਆਂ ਖੁਰਾਕੀ ਲੋੜਾਂ ਪੂਰੀਆਂ ਕਰਨ ਲਈ ਕੋਈ ਸਰਕਾਰ ਵੀ ਗੰਭੀਰ ਯਤਨ ਨਹੀਂ ਕਰ ਰਹੀ ।

ਇਸੇ ਕਰਕੇ ਕਈ ਵਰ੍ਹਿਆਂ ਤੋਂ ਭਾਰਤ ਸਰਕਾਰ 'ਕ੍ਰਿਸ਼ੀ ਕਰਮਨ' ਸਨਮਾਨ ਨਾਲ ਪੰਜਾਬ ਨੂੰ ਸਨਮਾਨਿਤ ਕਰ ਰਹੀ ਹੈ । ਇਸ ਇਨਾਮ 'ਚ ਦੋ ਕਰੋੜ ਰੁਪਏ ਦੀ ਨਕਦ ਰਾਸ਼ੀ ਵੀ ਸ਼ਾਮਿਲ ਹੈ । ਝੋਨਾ ਅਜਿਹੀ ਫਸਲ ਹੈ, ਜਿਸ ਦਾ ਖਤਰਾ ਘੱਟ ਹੈ । ਕਿਸਾਨ ਦੇ ਘਰ ਜੇਕਰ ਚੁੱਲਾ ਮਘਦਾ ਹੈ ਤਾਂ ਉਹ ਝੋਨੇ ਅਤੇ ਕਣਕ ਕਰਕੇ ਹੀ ਹੈ । ਝੋਨੇ ਦੀ ਕਾਸ਼ਤ ਕਾਰਨ ਪੰਜਾਬ 'ਚ ਜ਼ਮੀਨਦੋਜ਼ ਪਾਣੀ ਦੇ ਪੱਧਰ 'ਚ ਭਾਰੀ ਕਮੀ ਆਈ ਹੈ । ਪਰ ਇਹ ਗੱਲ ਵੱਖਰੀ ਹੈ ਕਿ ਇਸ ਕਮੀ ਲਈ ਕੇਵਲ ਝੋਨਾ ਹੀ ਜ਼ਿੰਮੇਵਾਰ ਨਹੀਂ ਹੈ, ਸਗੋਂ ਵਧਦੀ ਆਬਾਦੀ ਅਤੇ ਸ਼ਹਿਰਾਂ 'ਚ ਪਾਣੀ ਦੀ ਬੇਰਹਿਮੀ ਨਾਲ ਹੁੰਦੀ ਵਰਤੋਂ ਵੀ ਇਸ ਦੇ ਵੱਡੇ ਕਾਰਨ ਹਨ ।

ਅਕਤੂਬਰ ਦਾ ਸਾਰਾ ਮਹੀਨਾ ਪੰਜਾਬ ਦੇ ਖੇਤਾਂ 'ਚ ਅੱਗ ਦੀਆਂ ਲਪਟਾਂ ਉਠਦੀਆਂ ਵੇਖੀਆਂ ਜਾ ਸਕਦੀਆਂ ਹਨ । ਹਰ ਪਾਸੇ ਧੂੰਆਂ ਹੀ ਧੂੰਆਂ ਨਜ਼ਰ ਆਉਂਦਾ ਹੈ । ਉਹ ਧਰਤੀ, ਜਿਹੜੀ ਸਾਡੀਆਂ ਲੋੜਾਂ ਪੂਰੀਆਂ ਕਰਦੀ ਹੈ, ਉਸ ਵਿਚੋਂ ਨਿਕਲਦੀਆਂ ਅੱਗ ਦੀਆਂ ਲਪਟਾਂ ਨੂੰ ਵੇਖ ਕੇ ਦੁੱਖ ਹੁੰਦਾ ਹੈ । ਕਿਸਾਨ ਨੂੰ ਪਤਾ ਹੈ ਪਰਾਲੀ ਨੂੰ ਸਾੜਨਾ ਜਿੱਥੇ ਕਾਨੂੰਨੀ ਜੁਰਮ ਹੈ, ਉੱਥੇ ਸਮਾਜ ਪ੍ਰਤੀ ਗੈਰ-ਜ਼ਿੰਮੇਵਾਰੀ ਵਾਲਾ ਰਵੱਈਆ ਹੈ । ਪਰ ਉਹ ਆਪਣੀ ਮਜ਼ਬੂਰੀ ਦੱਸਦਾ ਹੈ । ਇਸ ਲਈ ਚੋਖਾ ਨੁਕਸਾਨ ਹੁੰਦਾ ਹੈ । ਜਦੋਂ ਅੱਗ ਬਲਦੀ ਹੈ ਤਾਂ ਵਾਤਾਵਰਨ ਦੇ ਤਾਪਮਾਨ 'ਚ ਵਾਧਾ ਹੁੰਦਾ ਹੈ । ਤਾਪਮਾਨ 'ਚ ਹੋ ਰਿਹਾ ਵਾਧਾ ਸਾਰੇ ਸੰਸਾਰ ਲਈ ਵੱਡੀ ਸਮੱਸਿਆ ਅਤੇ ਚੁਣੌਤੀ ਬਣਿਆ ਹੋਇਆ ਹੈ । ਅੱਗ ਲਗਾਉਣ ਨਾਲ ਜਿੱਥੇ ਮਿੱਤਰ ਕੀੜੇ ਅਤੇ ਜੀਵ-ਜੰਤੂ ਸੜ ਜਾਂਦੇ ਹਨ, ਉੱਥੇ ਧਰਤੀ ਵਿਚਲੇ ਪੌਸ਼ਟਿਕ ਖੁਰਾਕੀ ਤੱਤ ਵੀ ਨਸ਼ਟ ਹੋ ਜਾਂਦੇ ਹਨ । ਹਰ ਪਾਸੇ ਫੈਲੇ ਧੂੰਏਂ ਨਾਲ ਬਹੁਤ ਸਾਰੇ ਸੜਕ ਹਾਦਸੇ ਹੁੰਦੇ ਹਨ ਅਤੇ ਜ਼ਹਿਰੀਲੀਆਂ ਗੈਸਾਂ ਕਈ ਬਿਮਾਰੀਆਂ ਦਾ ਕਾਰਨ ਬਣਦੀਆਂ ਹਨ । ਇਨ੍ਹਾਂ ਸਾਰੇ ਨੁਕਸਾਨਾਂ ਬਾਰੇ ਜਾਣਦਿਆਂ ਹੋਇਆ ਵੀ ਕਿਸਾਨ ਇਸ ਵਰਤਾਰੇ ਨੂੰ ਜਾਰੀ ਰੱਖਣ ਲਈ ਹੁਣ ਤੱਕ ਮਜ਼ਬੂਰ ਰਿਹਾ ਹੈ ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਇਕ ਅੰਦਾਜ਼ੇ ਅਨੁਸਾਰ ਧਰਤੀ 'ਚੋਂ ਝੋਨੇ ਦੁਆਰਾ ਲਈ ਗਈ 26 ਫੀਸਦੀ ਨਾਈਟ੍ਰੋਜਨ ਅਤੇ ਫਾਸਫੋਰਸ, 50 ਫੀਸਦੀ ਗੰਧਕ ਅਤੇ 75 ਫੀਸਦੀ ਪੋਟਾਸ਼ ਪਰਾਲੀ 'ਚ ਹੀ ਰਹਿ ਜਾਂਦੀ ਹੈ ।

ਮਾਹਰਾਂ ਦਾ ਕਹਿਣਾ ਹੈ ਕਿ 10 ਕੁਇੰਟਲ ਪਰਾਲੀ ਸਾੜਨ ਨਾਲ 400 ਕਿਲੋ ਜੈਵਿਕ ਕਾਰਬਨ, 5.5 ਕਿਲੋ ਨਾਈਟ੍ਰੋਜਨ, 2.3 ਕਿਲੋ ਫਾਸਫੋਰਸ, 2.5 ਕਿਲੋ ਪੋਟਾਸ਼ੀਅਮ ਅਤੇ 1.2 ਕਿਲੋ ਗੰਧਕ ਦਾ ਨੁਕਸਾਨ ਹੁੰਦਾ ਹੈ । ਜੇਕਰ ਪਰਾਲੀ ਨੂੰ ਖੇਤ 'ਚ ਹੀ ਵਾਹ ਦਿੱਤਾ ਜਾਵੇ ਤਾਂ ਇਹ ਸਾਰੇ ਤੱਤ ਧਰਤੀ 'ਚ ਰਲ ਕੇ ਜ਼ਮੀਨ ਦੀ ਸਿਹਤ 'ਚ ਸੁਧਾਰ ਲਿਆਉਂਦੇ ਹਨ ਪਰ ਵੇਖਣਾ ਇਹ ਹੈ ਕਿ ਕਿਸਾਨ ਇਹ ਜਾਣਕਾਰੀ ਹੁੰਦਿਆਂ ਹੋਇਆਂ ਵੀ ਫਸਲ ਦੀ ਰਹਿੰਦ-ਖੂੰਹਦ ਨੂੰ ਅੱਗ ਲਗਾਉਣ ਲਈ ਮਜ਼ਬੂਰ ਕਿਉਂ ਹਨ ? ਜਿਹੜੇ ਕਿਸਾਨ ਪਿਛਲੇ ਕਈ ਸਾਲਾਂ ਤੋਂ ਪਰਾਲੀ ਨੂੰ ਧਰਤੀ 'ਚ ਵਾਹ ਜਾ ਖਪਾ ਰਹੇ ਹਨ, ਉਨ੍ਹਾਂ ਦਾ ਮੰਨਣਾ ਹੈ ਇਸ ਨਾਲ ਧਰਤੀ ਦੀ ਉਪਜਾਊ ਸ਼ਕਤੀ 'ਚ ਵਾਧਾ ਹੋਇਆ ਹੈ । ਫਿਰ ਸਾਰੇ ਕਿਸਾਨ ਅਜਿਹਾ ਕਿਉਂ ਨਹੀਂ ਕਰਦੇ ? ਇਸ ਹਕੀਕਤ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ ਹੈ ਕਿ ਅਸੀਂ ਜਾਣਦੇ ਹੋਏ



ਵੀ ਅਣਜਾਣ ਬਣੇ ਹੋਏ ਹਾਂ ਅਤੇ ਫਸਲੀ ਰਹਿੰਦ-ਖੂੰਹਦ ਦਾ ਸਹੀ ਲਾਹਾ ਨਹੀਂ ਲੈ ਰਹੇ । ਝੋਨੇ ਦੀ ਕਟਾਈ ਦਾ ਸੀਜ਼ਨ ਸ਼ੁਰੂ ਹੋ ਚੁੱਕਾ ਹੈ ਅਤੇ ਪਰਾਲੀ ਦੀ ਸਮੱਸਿਆ ਮੁੜ ਸਾਹਮਣੇ ਆ ਗਈ ਹੈ ।

ਇਸ ਦੇ ਹੱਲ ਲਈ ਜਿੱਥੇ ਕਿਸਾਨਾਂ ਨੂੰ ਜਾਗਰੂਕ ਹੋਣ ਦੀ ਲੋੜ ਹੈ, ਉੱਥੇ ਸਰਕਾਰੀ ਅਤੇ ਗੈਰ-ਸਰਕਾਰੀ ਸੰਸਥਾਵਾਂ ਨੂੰ ਵੀ ਕੁਝ ਅਮਲੀ ਕਦਮ ਚੁੱਕਣੇ ਚਾਹੀਦੇ ਹਨ । ਇਸ 'ਚ ਕੋਈ ਸ਼ੱਕ ਨਹੀਂ ਕਿ ਕਿਸਾਨਾਂ ਨੂੰ ਸਿੱਖਿਅਤ ਕਰਨਾ ਅਤੇ ਕਾਨੂੰਨ ਦੀ ਸਹਾਇਤਾ ਲੈਣੀ ਵੀ ਜ਼ਰੂਰੀ ਹੈ ਕਿ ਪਰਾਲੀ ਦੀ ਸਾਂਭ-ਸੰਭਾਲ ਦੇ ਸਾਰਥਕ, ਸੌਖੇ ਅਤੇ ਸਸਤੇ ਹੱਲ ਲੱਭੇ ਜਾਣ ।

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਇਸ ਪਾਸੇ ਕੁਝ ਖੋਜ ਕੀਤੀ ਗਈ ਹੈ । ਪਰਾਲੀ ਨੂੰ ਖੇਤ ਵਿਚ ਹੀ ਵਾਹ ਦੇਣ ਲਈ ਸਮਾਰਟ ਸੀਡਰ, ਹੈਪੀ ਸੀਡਰ, ਸਟਰਾ ਮੈਨੇਜਮੈਂਟ ਸਿਸਟਮ, ਸੁਪਰ ਸੀਡਰ, ਜ਼ੀਰੋ ਟਿਲ ਡਰਿੱਲ, ਸ਼ਰੈਡਰ ਆਦਿ ਮਸ਼ੀਨਾਂ ਤਿਆਰ ਕੀਤੀਆਂ ਹਨ । ਪਰ ਇਹ ਮਸ਼ੀਨਾਂ ਦੀ ਬਹੁਤੀ ਵਰਤੋਂ ਨਹੀਂ ਹੋ ਰਹੀ । ਇਸ ਦਾ ਕਾਰਨ ਮਹਿੰਗੀਆਂ ਮਸ਼ੀਨਾਂ ਅਤੇ ਇਨ੍ਹਾਂ ਦਾ ਚਲਾਣ ਦੀ ਮੁਹਾਰਤ ਦਾ ਨਾ ਹੋਣਾ ਵੀ ਹੈ ।

ਕਣਕ ਦੀ ਬਿਜਾਈ ਲਈ ਇੱਕ ਘੱਟ ਲਾਗਤ ਵਾਲੀ ਮਸ਼ੀਨ ਸਰਫੇਸ ਸੀਡਰ ਵੀ ਤਿਆਰ ਕੀਤੀ ਗਈ ਹੈ । ਸਰਕਾਰ ਵੱਲੋਂ ਮਸ਼ੀਨਾਂ ਦੀ ਖਰੀਦ ਉੱਤੇ ਰਿਆਇਤ ਵੀ ਦਿੱਤੀ ਜਾ ਰਹੀ ਹੈ । ਪੰਜਾਬ ਵਿਚ ਬਹੁਗਿਣਤੀ ਛੋਟੇ ਕਿਸਾਨਾਂ ਦੀ ਹੈ ਇਨ੍ਹਾਂ ਮਸ਼ੀਨਾਂ ਦੀ ਵਰਤੋਂ ਕੇਵਲ ਕੁੱਝ ਦਿਨਾਂ ਲਈ ਹੀ ਹੋਵੇਗੀ । ਇੰਝ ਬਹੁਤੇ ਕਿਸਾਨ ਖਰੀਦਣ ਲਈ ਅੱਗੇ ਨਹੀਂ ਆ ਰਹੇ । ਕਿਸਾਨਾਂ ਨੂੰ ਸਸਤੇ ਭਾਅ ਮਸ਼ੀਨਾਂ ਦੇਣ ਦੀ ਥਾਂ ਪਿੰਡਾਂ ਦੀ ਸਹਿਕਾਰੀ ਸਭਾਵਾਂ ਨੂੰ ਦੇਣੀਆਂ ਚਾਹੀਦੀਆਂ ਹਨ ਤਾਂ ਜੋ ਕਿਸਾਨ ਕਿਰਾਏ ਉੱਤੇ ਲੈ ਕੇ ਇਨ੍ਹਾਂ ਦਾ ਲਾਭ ਪ੍ਰਾਪਤ ਕਰ ਸਕੇ । ਜੇਕਰ ਪਿੰਡ ਪੱਧਰ ਉੱਤੇ ਪੰਚਾਇਤ ਕੋਈ ਸਾਂਝਾ ਉਪਰਾਲਾ ਕਰੇ ਤਾਂ ਕਿਸੇ ਹੱਦ ਤੱਕ ਇਸ ਮਸਲੇ ਨੂੰ ਹੱਲ ਕੀਤਾ ਜਾ ਸਕਦਾ ਹੈ । ਇਹ ਇੱਕ ਗੰਭੀਰ ਸਮੱਸਿਆ ਹੈ ਪਰ ਕਿਸੇ ਵੀ ਸਰਕਾਰ ਵੱਲੋਂ ਪਰਾਲੀ ਦੀ ਸਨਅੱਤੀ ਵਰਤੋਂ ਸਬੰਧੀ ਖੋਜ ਨਹੀਂ ਕਰਵਾਈ ਗਈ । ਭਾਰਤ ਵਿਚ ਖੇਤੀ ਖੋਜ ਦਾ ਢਾਂਚਾ ਸਾਰੇ ਦੇਸ਼ਾਂ ਤੋਂ ਵੱਡਾ ਹੈ । ਇਸ ਪਾਸੇ ਪਹਿਲ ਦੇ ਅਧਾਰ ਉੱਤੇ ਖੋਜ ਹੋਣੀ ਚਾਹੀਦੀ ਹੈ । ਪਰਾਲੀ ਤੋਂ ਗੱਤਾ ਬਣਾਉਣ ਦੇ ਸਫਲ ਤਜ਼ਰਬੇ ਹੋਏ ਹਨ । ਜੇਕਰ ਸਰਕਾਰ ਇਸ ਪਾਸੇ ਯਤਨ ਕਰੇ ਤਾਂ ਕੇਵਲ ਪਰਾਲੀ ਦੀ ਸਮੱਸਿਆ ਹੀ ਹੱਲ ਨਹੀਂ ਹੋ ਜਾਵੇਗੀ ਸਗੋਂ ਗੱਤਾ ਬਣਾਉਣ ਲਈ ਕੀਤੀ ਜਾ ਰਹੀ ਰੁੱਖਾਂ ਦੀ ਕਟਾਈ ਵੀ ਘੱਟ ਹੋ ਜਾਵੇਗੀ । ਕੇਵਲ ਪ੍ਰਚਾਰ ਜਾਂ ਕਾਨੂੰਨੀ ਡਰ ਨਾਲ ਇਸ ਮਸਲੇ ਨੂੰ ਹੱਲ ਨਹੀਂ ਕੀਤਾ ਜਾ ਸਕਦਾ ਸਗੋਂ ਢੁੱਕਵੀਂ ਖੋਜ ਅਤੇ ਸਾਰਥਿਕ ਯਤਨਾਂ ਦੀ ਲੋੜ ਹੈ । ਕਿਸਾਨਾਂ ਦੀ ਇਮਾਨਦਾਰੀ ਨਾਲ ਵਧੀਆ ਢੰਗਾਂ ਰਾਹੀਂ ਸਹਾਇਤਾ ਕਰਕੇ ਇਸ ਦਾ ਹੱਲ ਕੱਢਣਾ ਚਾਹੀਦਾ ਹੈ । ਪਰ ਸਾਡੇ ਆਗੂ ਤਾਂ ਹਮੇਸ਼ਾਂ ਚੋਣਾਂ ਵਿਚ ਜਾਂ ਇੱਕ ਦੂਜੇ ਉੱਤੇ ਚਿੱਕੜ ਸੁੱਟਣ ਵਿਚ ਹੀ ਉਲਝੇ ਰਹਿੰਦੇ ਹਨ ।



ਡਾ. ਮੋਹਨ ਸਿੰਘ




# ਪੰਜਾਬ ਖੇਤੀਬਾੜੀ ਨੀਤੀ 2024 ਦਾ ਖਰੜਾ

> ਖੇਤੀ ਨੀਤੀ ਬਣਾਉਣ ਦਾ ਆਧਾਰ ਸਹਿਯੋਗੀ ਅਤੇ ਭਾਗੀਦਾਰੀ ਵਾਲੀ ਪਹੁੰਚ ਨੂੰ ਉਤਸ਼ਾਹਿਤ ਕਰਨਾ ਹੈ ਜਿਸ ਵਿਚ ਕਿਸਾਨ ਜਥੇਬੰਦੀਆਂ, ਕੌਮੀ ਅਤੇ ਕੌਮਾਂਤਰੀ ਖੋਜ ਵਿਗਿਆਨੀਆਂ, ਖੇਤੀ ਮਾਹਿਰਾਂ, ਖੇਤ ਮਜ਼ਦੂਰਾਂ ਅਤੇ ਉਤਪਾਦਕ ਸੰਗਠਨਾਂ ਦੇ ਨੁਮਾਇੰਦਿਆਂ ਸਮੇਤ ਹੋਰ ਮਿਹਨਤਕਸ਼ ਵਰਗਾਂ ਦੀ ਪ੍ਰਤੀਨਿਧਤਾ ਕਰਨ ਵਾਲੇ ਵਿਅਕਤੀਆਂ / ਗਰੁੱਪਾਂ ਨੂੰ ਸਰਗਰਮੀ ਨਾਲ ਸ਼ਾਮਿਲ ਕਰਨਾ ਹੈ ।

ਪੰਜਾਬ ਦਾ ਖੇਤੀਬਾੜੀ ਖੇਤਰ ਅੱਜ ਗੰਭੀਰ ਸੰਕਟ ਵਿਚ ਫਸਿਆ ਹੋਇਆ ਹੈ। ਕਰਜ਼ੇ ਵਿਚ ਫਸੇ ਹੋਏ ਕਿਸਾਨ/ਮਜ਼ਦੂਰ ਖੁਦਕੁਸ਼ੀਆਂ ਕਰਨ ਲਈ ਮਜਬੂਰ ਹਨ। ਇਸ ਸੰਕਟ ਨਾਲ ਨਜਿੱਠਣ ਲਈ ਪੀ. ਏ. ਯੂ. ਦੇ ਮੁੱਖ ਅਰਥ-ਸ਼ਾਸਤਰੀ ਡਾ. ਸੁਖਪਾਲ ਸਿੰਘ ਦੀ ਅਗਵਾਈ ਹੇਠ ਖੇਤੀ ਨੀਤੀ ਘੜਨ ਲਈ ਪੰਜਾਬ ਸਰਕਾਰ ਵਲੋਂ ਬਣਾਈ ਗਿਆਰਾਂ ਮੈਂਬਰੀ ਕਮੇਟੀ ਵੱਲੋਂ ਪੇਸ਼ ਖਰੜੇ ਵਿਚ ਕਿਹਾ ਗਿਆ ਹੈ ਕਿ ਰਾਜ ਦੀ ਖੇਤੀਬਾੜੀ ਨੀਤੀ ਜਾ ਉਦੇਸ਼ ਪੰਜਾਬ ਅੰਦਰ ਸਿਹਤਮੰਦ, ਲਾਹੇਵੰਦ ਅਤੇ ਕੌਮਾਂਤਰੀ ਤੌਰ 'ਤੇ ਮੁਕਾਬਲੇਯੋਗ ਖੇਤੀ ਲਈ ਬਹੁ-ਪੱਧਰੀ ਸੰਸਥਾਗਤ ਸਹਿਕਾਰੀ ਢਾਂਚੇ ਦੇ ਨਾਲ ਖੇਤੀ ਦਾ ਵਿਕਾਸ ਕਰਨਾ ਹੈ। ਖੇਤੀ ਨੀਤੀ ਬਣਾਉਣ ਦਾ ਆਧਾਰ ਸਹਿਯੋਗੀ ਅਤੇ ਭਾਗੀਦਾਰੀ ਵਾਲੀ ਪਹੁੰਚ ਨੂੰ ਉਤਸ਼ਾਹਿਤ ਕਰਨਾ ਹੈ ਜਿਸ ਵਿਚ ਕਿਸਾਨ ਜਥੇਬੰਦੀਆਂ, ਕੌਮੀ ਅਤੇ ਕੌਮਾਂਤਰੀ ਖੋਜ ਵਿਗਿਆਨੀਆਂ, ਖੇਤੀ ਮਾਹਿਰਾਂ, ਖੇਤ ਮਜ਼ਦੂਰਾਂ ਅਤੇ ਉਤਪਾਦਕ ਸੰਗਠਨਾਂ ਦੇ ਨੁਮਾਇੰਦਿਆਂ ਸਮੇਤ ਹੋਰ ਮਿਹਨਤਕਸ਼ ਵਰਗਾਂ ਦੀ ਪ੍ਰਤੀਨਿਧਤਾ ਕਰਨ ਵਾਲੇ ਵਿਅਕਤੀਆਂ / ਗਰੁੱਪਾਂ ਨੂੰ ਸਰਗਰਮੀ ਨਾਲ ਸ਼ਾਮਿਲ ਕਰਨਾ ਹੈ।

ਇਸ ਨੀਤੀ ਦੇ ਉਭਰਵੇਂ ਨੁਕਤਿਆਂ ਵਿਚ ਖੇਤੀ ਨੀਤੀ ਦਾ ਮਕਸਦ ਖੇਤੀ ਖਰਚੇ ਘਟਾਉਣ ਅਤੇ ਕੁਆਲਿਟੀ ਪੈਦਾਵਾਰ ਕਰਨ ਲਈ ਕੁਦਰਤੀ ਇਲਾਕਿਆਂ ਵਿਚ ਸਬੰਧਿਤ ਫਸਲਾਂ ਨੂੰ ਉਤਸ਼ਾਹਿਤ ਕਰਨਾ ਹੈ। ਇਹ ਨੀਤੀ 'ਸੈਂਟਰ ਆਫ ਐਕਸੀਲੈਂਸ' ਸੰਸਥਾਵਾਂ ਦੀ ਸਥਾਪਨਾ ਕਰਨਾ



ਹੈ ਜਿਨ੍ਹਾਂ ਦਾ ਉਦੇਸ਼ ਨਵੀਨਤਮ ਤਕਨੀਕ ਦਾ ਪ੍ਰਦਰਸ਼ਨ ਅਤੇ ਕਿਸਾਨਾਂ ਤੇ ਹੋਰ ਸਬੰਧਤ ਅਮਲੇ ਨੂੰ ਅਗਾਂਵਧੂ ਕਿਸਾਨ ਸੁਸਾਇਟੀਆਂ ਨਾਲ ਜੋੜਿਆ ਜਾਣਾ ਹੈ। ਇਸ ਖੇਤੀ ਨੀਤੀ ਦਾ ਮਕਸਦ ਪਿੰਡਾਂ ਵਿਚ ਰੁਜ਼ਗਾਰ ਦੇ ਵਾਧੇ ਲਈ ਪਿੰਡ ਪੱਧਰ 'ਤੇ ਬਹੁ-ਮੰਤਵੀ ਸਹਿਕਾਰੀ ਸੁਸਾਇਟੀਆਂ ਰਾਹੀਂ ਵੱਖ ਵੱਖ ਫਸਲਾਂ ਦੇ ਉਤਪਾਦਨ, ਵਿਗਿਆਨਕ ਵਿਧੀਆਂ ਨਾਲ ਸਟੋਰੇਜ ਅਤੇ ਮੰਡੀਕਰਨ ਨੂੰ ਉਤਸ਼ਾਹਿਤ ਕਰਨ ਰਾਹੀਂ ਖੇਤੀ ਮੁਨਾਫੇ ਨੂੰ ਯਕੀਨੀ ਬਣਾ ਕੇ ਪੇਂਡੂ ਆਰਥਿਕਤਾ ਨੂੰ ਬਲ ਬਖਸ਼ਣਾ ਹੈ। ਇਹ ਲਾਹੇਵੰਦ ਖੇਤੀ ਕੀਮਤਾਂ ਨੂੰ ਸਥਿਰ ਰੱਖ ਕੇ ਮੰਗ ਅਤੇ ਸਪਲਾਈ ਦਾ ਸੰਤੁਲਨ ਕਾਇਮ ਰੱਖਣ ਲਈ ਅਤੇ ਵੰਨ ਸੁਵੰਨੀ ਖੇਤੀ ਪੈਦਾਵਾਰ ਦੇ ਕੌਮੀ ਅਤੇ ਕੌਮਾਂਤਰੀ ਮੰਡੀਕਰਨ ਲਈ ਇਕ ਪੇਸ਼ੇਵਰ ਸੰਸਥਾ ਵਜੋਂ 'ਖੇਤੀ ਮੰਡੀਕਰਨ ਖੋਜ ਅਤੇ ਬੁੱਧੀਮਤ ਸੰਸਥਾ' ਵਜੋਂ ਆਪਣਾ ਰੋਲ ਨਿਭਾਵੇਗੀ। ਇਸ ਦਾ ਮਕਸਦ ਪੰਜਾਬ ਨੂੰ 'ਬੀਜ ਤੇ ਹੱਬ' ਵਜੋਂ ਵਿਕਸਤ ਕਰਨਾ ਹੈ ਅਤੇ ਪੰਜਾਬ ਨੂੰ ਸੰਕਟ ਵਰਗੀਆਂ ਸਥਿਤੀਆਂ ਦੇ ਮੱਦੇਨਜ਼ਰ, ਰਾਜ ਦੀ ਕੁੱਲ ਪਾਣੀ ਦੀ ਮੰਗ (66.12 ਬੀ ਸੀ ਐਮ) ਦਾ ਘੱਟੋ-ਘੱਟ 20 ਬੀ ਸੀ ਐਮ ਬਚਾਉਣ ਲਈ ਸੂਬੇ ਵਿਚ ਝੋਨੇ ਦੀਆਂ ਲੰਮੇ ਸਮੇਂ ਵਾਲੀਆਂ ਕਿਸਮਾਂ ਦੀ ਕਾਸ਼ਤ 'ਤੇ ਪੜਾਅਵਾਰ ਪੂਰੀ ਤਰ੍ਹਾਂ ਰੋਕ ਲਾਉਣਾ ਅਤੇ ਰੀਚਾਰਜ ਰੇਟ ਤੋਂ 300 ਫੀਸਦੀ ਜ਼ਿਆਦਾ ਪਾਣੀ ਕੱਢਣ ਵਾਲੇ 15 ਡਾਰਕ ਬਲਾਕਾਂ ਵਿਚ ਇਕ ਜਾਂ ਦੋ ਬਲਾਕਾਂ ਤੋਂ ਸ਼ੁਰੂ ਕਰਕੇ ਝੋਨੇ ਦੀ ਕਾਸ਼ਤ 'ਤੇ ਰੋਕ ਲਾਉਣਾ ਹੈ। ਇਸ ਦੇ ਨਾਲ ਹੀ ਇਨ੍ਹਾਂ ਬਲਾਕਾਂ ਅੰਦਰ ਬਦਲਵੀਆਂ ਫਸਲਾਂ ਜਿਵੇਂ ਕਪਾਹ, ਮੱਕੀ, ਗੰਨਾ, ਸਬਜ਼ੀਆਂ ਅਤੇ ਬਾਗਾਂ ਨੂੰ ਉਤਸ਼ਾਹਿਤ ਕਰਦਿਆਂ ਝੋਨੇ ਦੀ ਕਾਸ਼ਤ ਨਾਲ ਵੱਧ ਮੁਨਾਫਾ ਯਕੀਨੀ ਬਣਾਇਆ ਜਾਵੇਗਾ। ਪਾਣੀ ਦੀ ਬੱਚਤ ਕਰਨ ਵਾਲੀਆਂ ਤਕਨੀਕਾਂ ਜਿਵੇਂ ਕਿ ਸੁੱਕਾ ਕੱਦੂ ਕਰਨ ਆਦਿ, ਜੋ ਪਾਣੀ ਦੀ ਬੱਚਤ ਅਤੇ ਝੋਨੇ ਦੀ ਗੁਣਵੱਤਾ ਵਿਚ ਸੁਧਾਰ ਕਰਦੇ ਹਨ, ਨੂੰ ਉਤਸ਼ਾਹਿਤ ਕੀਤਾ ਜਾਵੇਗਾ। ਵਾਤਾਵਰਣ ਪੱਖੀ ਸੂਰਜੀ ਊਰਜਾ ਦੀ ਮਦਦ ਨਾਲ ਸਾਰੇ ਏ. ਪੀ. ਟਿਊਬਵੈੱਲ ਕੁਨੈਕਸ਼ਨਾਂ ਨੂੰ ਸੋਲਰ ਪੈਨਲ ਲਗਾ ਕੇ ਗਰਿਡ ਨਾਲ ਜੋੜਿਆ ਜਾਣਾ ਚਾਹੀਦਾ ਹੈ। ਸਹਿਕਾਰੀ ਖੰਡ ਮਿੱਲਾਂ ਦੀ ਪਿੜਾਈ ਸਮਰੱਥਾ ਨੂੰ ਵਧਾ ਕੇ, ਈਥਾਨੌਲ ਜਾਂ ਸ਼ਰਾਬ ਕੋ-ਜੈਨਰੇਸ਼ਨ ਬਾਇਓ-ਸੀ.ਐਨ.ਜੀ. ਉਤਪਾਦਨ ਅਤੇ ਮੁੜ ਸੁਰਜੀਤ ਕਰਨਾ ਹੈ। ਇਸ ਨੀਤੀ ਰਾਹੀਂ ਸਰਕਾਰ ਵੱਲੋਂ ਖੇਤ ਮਜ਼ਦੂਰਾਂ ਦੀ ਰਜਿਸਟਰੇਸ਼ਨ ਲਾਜ਼ਮੀ ਕੀਤੀ ਜਾਵੇਗੀ ਤਾਂ ਜੋ ਉਹ ਵੱਖ ਵੱਖ ਸਕੀਮਾਂ ਦਾ ਲਾਭ ਲੈ ਸਕਣ। ਮਨਰੇਗਾ ਸਕੀਮ ਤਹਿਤ 100 ਦਿਨ ਦੇ ਲਾਜ਼ਮੀ ਕੰਮ ਨੂੰ 100 ਦਿਨ ਤੋਂ ਵਧਾ ਕੇ 200 ਦਿਨ ਕੀਤਾ ਜਾਵੇਗਾ। ਇਸ ਨੀਤੀ ਦਾ ਮਨੋਰਥ ਖੇਤੀ ਖਰਚਾ ਘਟਾਉਣ, ਪੈਦਾਵਾਰ ਦੀ ਕੁਆਲਿਟੀ ਬਿਹਤਰ ਬਣਾਉਣ ਅਤੇ ਕੌਮਾਂਤਰੀ ਪੱਧਰ 'ਤੇ ਮੁਕਾਬਲੇ ਲਈ ਯੋਗ ਬਣਾਉਣ ਲਈ ਖੇਤੀ ਖੋਜ ਅਤੇ ਪਾਸਾਰ ਨੂੰ ਮਜ਼ਬੂਤ ਕਰਨਾ ਹੈ। ਇਸ ਨਵੀਂ ਖੇਤੀ ਨੀਤੀ ਨੂੰ ਲਾਗੂ ਕਰਨ ਲਈ ਇਕ ਹਜ਼ਾਰ ਕਰੋੜ ਰੁਪਏ ਦੇ ਫੰਡ ਵਿਚੋਂ ਪ੍ਰਸ਼ਾਸਕੀ ਖਰਚਿਆਂ ਤੋਂ ਇਲਾਵਾ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੂੰ 700 ਕਰੋੜ ਅਤੇ 'ਗਡਵਾਸੂ' ਨੂੰ ਕੀਤੀ ਗਈ ਹੈ। ਇਨ੍ਹਾਂ ਸਿਫਾਰਸ਼ਾਂ ਵਿਚ ਮੁੱਖ ਜ਼ੋਰ ਵੱਖ ਵੱਖ ਕਿਸਮ ਦੇ ਫਸਲੀ ਕੋਆਪਰੇਟਿਵ ਬਣਾਉਣ, ਜੈਵਿਕ ਖੇਤੀ ਅਪਣਾਉਣ, ਖੋਜ ਵਿਕਾਸ ਵਲੋਂ ਪਹਿਲਾਂ ਹੀ ਵਿਕਸਿਤ ਕੀਤੀਆਂ ਨਵੀਆਂ ਤਕਨੀਕਾਂ ਦੀ ਵੱਧ ਤੋਂ ਵੱਧ ਵਰਤੋਂ ਕਰਨ ਉੱਤੇ ਜ਼ੋਰ ਦਿੱਤਾ ਗਿਆ ਹੈ। ਬਿਜਲੀ ਊਰਜਾ ਦੀ ਬੱਚਤ ਲਈ ਵੱਧ ਤੋਂ ਵੱਧ ਸੋਲਰ ਸਿਸਟਮ ਲਾਗੂ ਕਰਨ ਦੀ ਵਕਾਲਤ ਕੀਤੀ ਗਈ ਹੈ। ਕਮਿਸ਼ਨ ਵੱਲੋਂ ਪੰਜਾਬ ਦੀ ਖੇਤੀ ਜ਼ਮੀਨ ਨੂੰ ਦੁਨੀਆ ਭਰ ਦੀ ਖੇਤੀ ਜ਼ਮੀਨ 'ਚ ਸਭ ਤੋਂ ਆਲ੍ਹਾ ਜ਼ਮੀਨ ਕਿਹਾ ਗਿਆ ਹੈ। ਪਰ ਪੰਜਾਬ ਲੈਂਡ ਲੌਕਡ ਰਾਜ ਹੋਣ ਕਰਕੇ ਫਸਲਾਂ ਦੇ ਲਾਹੇਵੰਦ ਭਾਅ ਲਈ ਵਾਹਗਾ ਬਾਰਡਰ ਖੋਲ੍ਹ ਕੇ ਖੇਤੀ ਵਸਤਾਂ ਦੀ ਬਰਾਮਦ ਲਈ ਟਰਾਂਸਪੋਰਟ ਸਬਸਿਡੀ ਦੀ ਸਿਫਾਰਸ਼ ਕੀਤੀ ਗਈ ਹੈ ਅਤੇ ਇਹ ਸਬਸਿਡੀ ਵਿਸ਼ੇਸ਼ ਕਰਕੇ ਤਾਜ਼ਾ ਫਸਲਾਂ ਦੀ ਜਹਾਜ਼ਰਾਨੀ ਲਈ ਕੀਤੀ ਗਈ ਹੈ।

ਕੇਂਦਰ ਵਾਂਗ ਪੰਜਾਬ ਸਰਕਾਰ ਵੱਲੋਂ ਰਾਜ ਪੱਧਰ ਦਾ ਖੇਤੀ ਕਮਿਸ਼ਨ ਬਣਾਉਣ ਦੀ ਸਿਫਾਰਸ਼ ਕੀਤੀ ਗਈ ਹੈ। ਕਮਿਸ਼ਨ ਨੇ 2020-21 ਦੀਆਂ ਫਸਲਾਂ ਦੀਆਂ ਕੀਮਤਾਂ ਨੂੰ ਆਧਾਰ ਬਣਾਇਆ ਹੈ। 2020 ਵਿਚ ਕਣਕ ਦਾ ਭਾਅ 1925 ਰੁਪਏ ਸੀ ਪਰ ਖੇਤੀਬਾੜੀ ਕਮਿਸ਼ਨ ਨੇ ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਸੀ-2 ਪਲੱਸ 50 ਫੀਸਦੀ ਅਨੁਸਾਰ ਕਣਕ ਦਾ ਭਾਅ ਮਿੱਥਣ ਬਾਰੇ ਕਿਹਾ ਹੈ ਕਿ ਕਣਕ ਦਾ ਹੁਣ ਭਾਅ 2787 ਰੁਪਏ ਬਣਦਾ ਹੈ। ਇਸ ਤੋਂ ਇਲਾਵਾ ਖੇਤੀਬਾੜੀ ਕਮਿਸ਼ਨ ਕਿਸਾਨਾਂ ਨੂੰ ਰਮੇਸ਼ ਚੰਦ ਕਮੇਟੀ ਦੀਆਂ ਸਿਫਾਰਸ਼ਾਂ ਅਨੁਸਾਰ ਖੇਤੀਬਾੜੀ ਵਿਚ ਲੱਗੀ ਪੂੰਜੀ 'ਤੇ ਵਿਆਜ, ਕਿਸਾਨਾਂ ਦੇ ਘਰ ਤੋਂ ਮੰਡੀ ਤੱਕ ਦਾ ਖਰਚਾ, ਕਣਕ ਦੀ ਸਫਾਈ ਅਤੇ ਛਟਾਈ ਦਾ ਖਰਚਾ ਅਤੇ ਖੇਤੀ ਖਰਚੇ ਵਿਚ ਘਰ ਦੇ ਮੁੱਖ ਮੈਂਬਰ ਨੂੰ ਤਕਨੀਕੀ ਕਾਮੇ ਦੀ ਮੰਡੀ ਦਿਹਾੜੀ ਅਨੁਸਾਰ ਦੇ ਖਰਚਿਆਂ ਵਿੱਚ ਸ਼ਾਮਲ ਕਰਕੇ ਫਸਲ ਦੇ ਭਾਅ ਮਿਥਣ ਦੀ ਸਿਫਾਰਸ਼ ਕੀਤੀ ਹੈ। ਕਮਿਸ਼ਨ ਨੇ ਗੰਨੇ ਅਤੇ ਕਿੰਨੂ ਦੇ ਜੂਸ ਆਦਿ ਦੀ ਆਪਣੀ ਬਰਾਂਡਿਡ ਕਰਕੇ ਸਹੀ ਮੁੱਲ ਪਾਉਣ ਲਈ ਬਹੁ-ਮੰਤਵੀ ਕੋਆਪਰੇਟਿਵ ਸੁਸਾਇਟੀਆਂ ਬਣਾਉਣ ਦੀ ਸਿਫਾਰਸ਼ ਕੀਤੀ ਹੈ। ਭਾਰਤ ਅੰਦਰ ਜ਼ੁਬਾਨੀ-ਕਲਾਮੀ ਜ਼ਮੀਨ ਠੇਕੇ 'ਤੇ ਲੈਂਦੇ ਹਨ। ਇਸ ਕਰਕੇ ਕਿਸਾਨਾਂ ਨੂੰ ਬਹੁਤ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਕਰਕੇ ਖੇਤੀ ਕਾਮੇ ਕਮਿਸ਼ਨ ਨੇ ਸਿਫਾਰਸ਼ ਕੀਤੀ ਹੈ ਕਿ ਜ਼ਮੀਨ ਦਾ ਰਿਕਾਰਡ ਦਰੁਸਤ ਕਰਨਾ ਚਾਹੀਦਾ ਹੈ। ਖੇਤੀ ਕਾਮੇ ਕਮਿਸ਼ਨ ਨੇ ਖੇਤੀ ਠੇਕੇ ਦੇ ਕਾਨੂੰਨਾਂ ਵਿਚ ਸੁਧਾਰ ਕਰਨ ਦੀ ਜ਼ਰੂਰਤ 'ਤੇ ਜ਼ੋਰ ਦੇ ਕੇ ਕਿਹਾ ਹੈ ਕਿ ਪੇਂਡੂ ਮਜ਼ਦੂਰਾਂ ਨੂੰ 1962 ਦੇ ਕਾਨੂੰਨ ਮੁਤਾਬਿਕ ਪੰਚਾਇਤੀ ਜ਼ਮੀਨ ਦੇ ਤੀਜਾ ਹਿੱਸਾ ਠੇਕੇ 'ਤੇ ਕਾਨੂੰਨੀ ਹੱਕ ਨੂੰ ਅਮਲੀ ਜਾਮਾ ਪਹਿਨਾਉਣਾ ਚਾਹੀਦਾ ਹੈ ਅਤੇ ਇਸ ਜ਼ਮੀਨ ਦੀ ਬੋਲੀ ਦਾ ਅਧਿਕਾਰ ਵੀ ਮਜ਼ਦੂਰਾਂ ਨੂੰ ਹੀ ਹੋਣਾ ਚਾਹੀਦਾ ਹੈ। ਕਮਿਸ਼ਨ ਨੇ ਜੈਵਿਕ ਖੇਤੀ ਨੂੰ ਉਤਸ਼ਾਹਿਤ ਕਰਨ ਲਈ ਸੁਧਰੇ ਹੋਏ ਬੀਜ ਕੇਵਲ ਸਰਕਾਰੀ ਸੰਸਥਾਵਾਂ ਰਾਹੀਂ ਸਪਲਾਈ ਕਰਨ ਦੀ ਸਿਫਾਰਸ਼ ਕੀਤੀ ਹੈ।

ਕਮਿਸ਼ਨ ਦੇ ਅਧਿਐਨ ਅਨੁਸਾਰ ਭਾਰਤ ਅੰਦਰ 54 ਪ੍ਰਤੀਸ਼ਤ ਕਿਰਤ ਸ਼ਕਤੀ ਖੇਤੀ ਵਿਚ ਲੱਗੀ ਹੋਈ ਹੈ ਅਤੇ ਪੰਜਾਬ ਅੰਦਰ ਇਹ 35 ਪ੍ਰਤੀਸ਼ਤ ਹੈ। ਪੰਜਾਬ ਅੰਦਰ ਕੁੱਲ ਕਿਰਤੀ 99 ਲੱਖ ਹਨ ਅਤੇ ਇਨ੍ਹਾਂ ਵਿਚੋਂ ਲਗਭਗ 45 ਲੱਖ ਖੇਤੀ ਕਾਮੇ ਹਨ। ਕਿਸਾਨ/ਮਜ਼ਦੂਰ ਖੁਦਕੁਸ਼ੀਆਂ ਪੰਜਾਬ ਅੰਦਰ ਆਮ ਵਰਤਾਰਾ ਹੈ। ਇਸ ਕਰਕੇ ਖੁਦਕੁਸ਼ੀਆਂ ਕਰ ਚੁੱਕੇ ਕਿਸਾਨ/ਮਜ਼ਦੂਰਾਂ ਦੇ ਪਰਿਵਾਰਾਂ ਨੂੰ 10 ਲੱਖ ਰੁਪਏ ਇਵਜ਼ਾਨਾ, 60 ਸਾਲ ਤੋਂ ਉੱਪਰ ਮਜ਼ਦੂਰਾਂ ਦੇ ਬੱਚਿਆਂ ਨੂੰ ਮੁਫਤ ਸਿੱਖਿਆ ਅਤੇ ਸੰਸਥਾਗਤ ਕਰਜ਼ੇ ਨੂੰ ਮੁਆਫ ਕਰਨਾ ਚਾਹੀਦਾ ਹੈ। ਕਮਿਸ਼ਨ ਨੇ 2016 ਵਿਚ ਕਰਜ਼ਾ ਨਿਬੇੜੂ ਕਾਨੂੰਨ ਐਕਟ ਨੂੰ ਅਸਰਦਾਰ ਢੰਗ ਨਾਲ ਲਾਗੂ ਕਰਨ ਦੇ ਇਰਾਦੇ ਨਾਲ ਨਿੱਜੀ ਖੇਤਰ ਨਾਲ ਸਬੰਧਤ ਨਿੱਜੀ ਖੇਤਰ ਨਾਲ ਸਬੰਧਤ ਨਿੱਜੀ ਸ਼ਾਹੂਕਾਰ ਰਜਿਸਟਰ ਕਰਨ ਦੀ ਸਿਫਾਰਸ਼ ਕੀਤੀ ਹੈ। ਫਾਇਨਾਂਸ ਕੰਪਨੀਆਂ ਦੀ ਲੁੱਟ ਖਤਮ ਕਰਨ ਲਈ ਕਾਨੂੰਨ ਬਣਾਉਣ ਅਤੇ ਪ੍ਰਾਈਵੇਟ ਸ਼ਾਹੂਕਾਰਾਂ ਵੱਲੋਂ ਬੈਂਕ ਦੇ ਵਿਆਜ ਦੀ ਕਾਨੂੰਨੀ ਮਨਾਹੀ ਦੀ ਸਿਫਾਰਸ਼ ਕੀਤੀ ਹੈ। ਫਾਇਨਾਂਸ ਕੰਪਨੀਆਂ ਦੀ ਲੁੱਟ ਖਤਮ ਕਰਨ ਲਈ ਕਾਨੂੰਨ ਬਣਾਉਣ ਅਤੇ ਪ੍ਰਾਈਵੇਟ ਸ਼ਾਹੂਕਾਰਾਂ ਵੱਲੋਂ ਬੈਂਕ ਦੇ ਵਿਆਜ ਨਾਲੋਂ ਇਕ ਪ੍ਰਤੀਸ਼ਤ ਤੋਂ ਵੱਧ ਵਿਆਜ ਦੀ ਕਾਨੂੰਨੀ ਮਨਾਹੀ ਦੀ ਸਿਫਾਰਸ਼ ਕੀਤੀ ਹੈ। ਖੇਤੀ ਅਤੇ ਕਾਮੇ ਕਮਿਸ਼ਨ ਨੇ ਨਾਸ਼ਵਾਨ ਫਸਲਾਂ ਨੂੰ ਦੇਸ਼ ਵਿਦੇਸ਼ 'ਚ ਬਰਾਮਦ ਕਰਨ ਲਈ ਟਰਾਂਸਪੋਰਟ 'ਤੇ ਸਬਸਿਡੀ ਦੇਣ ਦੀ ਸਿਫਾਰਸ਼ ਕੀਤੀ ਹੈ। ਕੋਆਪਰੇਟਿਵ ਕਾਨੂੰਨਾਂ ਵਿਚ ਤਬਦੀਲੀ ਕਰਕੇ ਇਨ੍ਹਾਂ ਸੁਸਾਇਟੀਆਂ ਵਿਚ ਭ੍ਰਿਸ਼ਟਾਚਾਰ ਖਤਮ ਕਰਨ ਲਈ ਕਦਮ ਚੁੱਕਦੇ ਚਾਹੀਦੇ ਹਨ। ਪੰਜਾਬ ਅੰਦਰ ਵਧਦੇ ਪ੍ਰਦੂਸ਼ਣ ਦੀ ਰੋਕਥਾਮ ਲਈ ਫੈਕਟਰੀਆਂ ਦੇ ਪ੍ਰਦੂਸ਼ਣ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਰੋਕਣ ਦੀ ਸਿਫਾਰਸ਼ ਕੀਤੀ ਗਈ ਹੈ ਅਤੇ ਪਰਾਲੀ ਪ੍ਰਦੂਸ਼ਣ ਰੋਕਣ ਲਈ ਸਬਸਿਡੀ 'ਤੇ ਹੋਰ ਮਸ਼ੀਨਰੀ ਦਾ ਪ੍ਰਬੰਧ ਕਰਨ ਦੀ ਸਿਫਾਰਸ਼ ਕੀਤੀ ਗਈ ਹੈ। ਪੰਜਾਬ ਅੰਦਰ ਖੇਤੀ ਫਸਲਾਂ ਦੀ ਵੰਨ-ਸੁਵੰਨਤਾ ਲਈ 18 ਫਸਲਾਂ ਨੂੰ ਐੱਮ ਐੱਸ ਪੀ ਦੇਣ ਅਤੇ ਹਰ ਫਸਲ ਦੇ ਅਲੱਗ ਅਲੱਗ ਕੋਆਪਰੇਟਿਵ ਅਤੇ ਪ੍ਰੋਗਰੈਸਿਵ ਫਾਰਮ ਐਸੋਸ਼ੀਏਸ਼ਨ ਬਣਾਉਣ ਦੀ ਸਿਫਾਰਸ਼ ਕੀਤੀ ਗਈ ਹੈ। ਕੁੱਲ ਮਿਲਾ ਕੇ ਮੌਜੂਦਾ ਖੇਤੀ ਕਾਮੇ ਅਤੇ ਮਜ਼ਦੂਰ ਕਮਿਸ਼ਨ ਦੀਆਂ ਸਿਫਾਰਸ਼ਾਂ ਪਹਿਲਾਂ ਵਾਲੇ ਕਿਸੇ ਵੀ ਕਮਿਸ਼ਨ ਨਾਲੋਂ ਕਿਸਾਨ / ਮਜ਼ਦੂਰ ਹਿਤੈਸ਼ੀ ਦਿਸਦੀਆਂ ਹਨ ਹੈ ਪਰ ਇਸ ਨੂੰ ਵਿਸ਼ਵ ਸੰਸਥਾ ਅਤੇ ਪੰਜਾਬ ਅੰਦਰ ਸਰਕਾਰੀ ਸਬਸਿਡੀਆਂ ਬਾਰੇ ਆਪਣੀ ਸਪੱਸ਼ਟ ਰਾਏ ਦੇਣੀ ਚਾਹੀਦੀ ਹੈ।

# ਕਾਰਪੋਰੇਟ ਕਰਜ਼ੇ ਤੇ ਕਿਸਾਨਾਂ ਦੇ ਕਰਜ਼ੇ ਸੰਬੰਧੀ ਦੋਹਰੇ ਮਾਪਦੰਡ ਕਿਉਂ?




ਪਾੜਾ ਸਪੱਸ਼ਟ ਹੈ, ਜਦੋਂ ਕਾਰਪੋਰੇਟ ਕਰਜ਼ਿਆਂ ਦੀ ਗੱਲ ਆਉਂਦੀ ਹੈ ਤਾਂ ਪੂਰਾ ਬੈਂਕਿੰਗ ਸਿਸਟਮ ਉਨ੍ਹਾਂ ਨੂੰ ਬਚਾਉਣ ਲਈ ਅੱਗੇ ਆ ਕੇ ਉਨ੍ਹਾਂ ਨਾਲ ਬਹੁਤ ਨਰਮੀ ਨਾਲ ਪੇਸ਼ ਆਉਂਦਾ ਹੈ। ਪਰ ਜਦੋਂ ਗੱਲ ਕਿਸਾਨੀ ਕਰਜ਼ਿਆਂ ਦੀ ਆਉਂਦੀ ਹੈ ਤਾਂ ਕਿਸਾਨਾਂ ਨੂੰ ਅਪਰਾਧੀ ਸਮਝਦਿਆਂ ਉਨ੍ਹਾਂ ਨਾਲ ਅਣਮਨੁੱਖੀ ਵਿਵਹਾਰ ਕੀਤਾ ਜਾਂਦਾ ਹੈ, ਕਰਜ਼ਿਆਂ ਦਾ ਭਾਰ ਵਧਣ ਨਾਲ ਕਿਸਾਨ ਹੋਰ ਵੀ ਡੂੰਘੀ ਗਰੀਬੀ ਵੱਲ ਧੱਕੇ ਜਾਂਦੇ ਹਨ। ਕਾਰਪੋਰੇਟ ਆਪਣੇ ਕਰਜ਼ੇ ਮੁਆਫ ਕਰਵਾ ਕੇ ਆਪਣੀ ਸ਼ਾਨਦਾਰ ਜੀਵਨ ਸ਼ੈਲੀ ਨੂੰ ਜਾਰੀ ਰੱਖਦੇ ਹਨ, ਜਦਕਿ ਬੈਂਕਾਂ ਤੇ ਹੋਰ ਲੈਣਦਾਰਾਂ ਨੂੰ ਭਾਰੀ ਨੁਕਸਾਨ ਉਠਾਉਣਾ ਪੈਂਦਾ ਹੈ। ਦੂਜੇ ਪਾਸੇ ਬਕਾਏਦਾਰੀ ਦਾ ਸਾਹਮਣਾ ਕਰਨ ਵਾਲੇ ਕਿਸਾਨਾਂ ਖਿਲਾਫ ਸਖਤ ਕਾਰਵਾਈ ਕਰਕੇ ਉਨ੍ਹਾਂ ਨੂੰ ਚੱਲ ਤੇ ਅਚੱਲ ਜਾਇਦਾਦਾਂ ਤੋਂ ਵਾਂਝੇ ਕਰ ਦਿੱਤਾ ਜਾਂਦਾ ਹੈ, ਜੋ ਉਨ੍ਹਾਂ ਨੂੰ ਗਰੀਬੀ ਦੇ ਕਦੇ ਨਾ ਖਤਮ ਹੋਣ ਵਾਲੇ ਚੱਕਰ 'ਚ ਧੱਕ ਦਿੰਦੀ ਹੈ। ਏਨਾ ਹੀ ਨਹੀਂ, ਹਰਿਆਣਾ ਦੇ ਇਕ ਕਿਸਾਨ (65) ਨੂੰ ਜੇਲ੍ਹ ਭੇਜਿਆ ਗਿਆ, ਜਿਥੇ 10 ਦਿਨਾਂ ਅੰਦਰ ਉਸ ਦੀ ਮੌਤ ਹੋ ਗਈ। ਉਹ ਆਪਣਾ 9.65 ਲੱਖ ਰੁਪਏ ਦਾ ਕਰਜ਼ਾ ਨਹੀਂ ਚੁਕਾ ਸਕਿਆ ਸੀ।


ਕੁੱਝ ਸਾਲ ਪਹਿਲਾਂ ਵੀਡੀਓਕੋਨ ਇੰਡਸਟਰੀਜ਼ ਤੇ ਉਸ ਦੀਆਂ 12 ਸਹਿਯੋਗੀ ਕੰਪਨੀਆਂ ਦੁਆਰਾ ਦਿਵਾਲੀਆਪਨ ਦੇ ਲਈ ਦਾਇਰ ਕੀਤੇ 62,833 ਕਰੋੜ ਰੁਪਏ ਦੀ ਪ੍ਰਵਾਨਗੀ ਦਾਅਵੇ ਨੂੰ 96 ਫੀਸਦੀ ਭਾਰੀ ਕਟੌਤੀ ਨਾਲ ਮਨਜ਼ੂਰ ਕਰਕੇ ਲੈਣਦਾਰਾਂ ਨੂੰ ਖੂਨ ਦੇ ਹੰਝੂ ਵਹਾਉਣ ਲਈ ਛੱਡ ਦਿੱਤਾ। ਇਸੇ ਸੰਦਰਭ 'ਚ ਪ੍ਰਸਿੱਧ ਉਦਯੋਗਪਤੀ ਹਰਸ਼ ਗੋਇਨਕਾ ਨੇ ਟਵੀਟ ਕਰਕੇ ਕਿਹਾ ਸੀ ਕਿ ਅਸੀਂ ਆਪਣੀ ਮਿਹਨਤ ਦੀ ਕਮਾਈ ਨੂੰ ਚੋਰੀ ਨਹੀਂ ਹੋਣ ਦੇ ਸਕਦੇ। ਉਨ੍ਹਾਂ ਪ੍ਰਧਾਨ ਮੰਤਰੀ ਦੇ ਦਫਤਰ (ਪੀ. ਐਮ. ਓ.) ਦਾ ਇਸ ਵੱਲ ਧਿਆਨ ਦਿਵਾਉਂਦਿਆਂ ਇਕ ਹੋਰ ਟਵੀਟ ਕਰਕੇ ਕਿਹਾ ਸੀ ਕਿ ਸ਼ਹਿਰ 'ਚ ਇਕ ਨਵੀਂ ਖੇਡ ਖੇਡੀ ਜਾ ਰਹੀ ਹੈ, ਜਿਥੇ ਕੰਪਨੀਆਂ ਆਪਣੇ ਸੁਰੱਖਿਅਤ ਨਿਵੇਸ਼ ਨੂੰ ਪਾਸੇ ਰੱਖ ਰਹੀਆਂ ਹਨ ਤੇ ਆਪਣੀ ਦਿਵਾਲੀਆ ਕੰਪਨੀ ਨੂੰ ਦਿਵਾਲੀਆਪਨ ਦੇ ਬੋਰਡ 'ਚ ਲਿਜਾ ਕੇ ਇਸ ਪ੍ਰਕਿਰਿਆ ਤਹਿਤ 80 ਤੋਂ 90 ਫੀਸਦੀ ਤੱਕ ਦੀ ਕਟੌਤੀ ਕਰਵਾ ਰਹੀਆਂ ਹਨ ਕਰਜ਼ੇ ਦੀ ਵਸੂਲੀ ਪ੍ਰਕਿਰਿਆ 'ਚ ਹੈਰਾਨੀਜਨਕ ਤੇ ਦੁਖਦਾਈ ਅਸਮਾਨਤਾ ਸਾਨੂੰ ਸਪੱਸ਼ਟ ਤੌਰ 'ਤੇ ਦੱਸਦੀ ਹੈ ਕਿ




ਖੇਤੀ ਲਗਾਤਾਰ ਮਿਨਾਰ (ਪਿਰਾਮਿਡ) ਦੇ ਹੇਠਲੀ ਪੱਧਰ 'ਤੇ ਕਿਉਂ ਬਣੀ ਹੋਈ ਹੈ, ਜਦ ਕਿ ਦੂਜੇ ਪਾਸੇ ਕਾਰਪੋਰੇਟ ਨੂੰ ਬੜੀ ਉਦਾਰਤਾ ਨਾਲ ਕਰਜ਼ ਉਪਲਬੱਧ ਕਰਵਾਉਣ ਲਈ ਨੀਤੀ ਨਿਰਮਾਤਾਵਾਂ ਨੇ ਵਪਾਰ ਤੇ ਉਦਯੋਗ ਦੇ ਚਾਰੇ ਪਾਸੇ ਇਕ 'ਰੱਖਿਆ ਕਵਚ' ਤਾਣ ਰੱਖਿਆ ਹੈ। ਭਾਵੇਂ ਕਿਸੇ ਉਦਯੋਗ ਲਈ ਸਭ ਕੁਝ ਗਲਤ ਵੀ ਹੋ ਰਿਹਾ ਹੋਵੇ, ਤਾਂ ਵੀ ਸਿਸਟਮ ਉਨ੍ਹਾਂ ਦੇ ਆਰਥਿਕ ਹਿੱਤਾਂ ਦੀ ਰੱਖਿਆ ਲਈ ਹਮੇਸ਼ਾ ਮੌਜੂਦ ਹੈ।

ਇਸ ਲਈ ਸਾਨੂੰ ਲੱਗਦਾ ਹੈ ਕਿ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਦੇ ਇਸ ਦਾਅਵੇ ਦੇ ਬਾਵਜੂਦ ਕਿ ਦਿਵਾਲੀਆ ਤੇ ਦਿਵਾਲੀਆਪਨ ਸੰਹਿਤਾ (ਆਈ. ਬੀ. ਸੀ.) ਨੇ ਦਿਵਾਲੀਆਪਨ ਦੇ ਹੱਲ ਲਈ ਇਕ ਵੱਡਾ ਬਦਲਾਅ ਲਿਆਂਦਾ ਹੈ ਕਿ ਦਿਵਾਲੀਆ ਸੰਕਲਪ ਕਾਨੂੰਨੀ ਤੌਰ 'ਤੇ ਸਸਤੇ ਭਾਅ 'ਤੇ ਜਾਇਦਾਦਾਂ ਛੱਡਣ ਦੇ ਕੰਮ ਆਇਆ ਹੈ। ਉਦਾਹਰਨ ਦੇ ਤੌਰ 'ਤੇ ਅਖਿਲ ਭਾਰਤੀ ਬੈਂਕ ਕਰਮਚਾਰੀ ਸੰਘ ਨੇ ਇਕ ਅੱਖਾਂ ਖੋਲ੍ਹਣ ਵਾਲਾ ਚਾਰਟ ਪੇਸ਼ ਕਰਦਿਆਂ ਦੱਸਿਆ ਕਿ ਕਿਵੇਂ ਦਿਵਾਲੀਆਪਨ ਦੀ ਕਾਰਵਾਈ ਨੇ ਇਕ ਹੀ ਕਾਰਪੋਰੇਟ ਨੂੰ ਬਹੁਤ ਹੀ ਘੱਟ ਕੀਮਤ 'ਤੇ ਬਹੁਤ ਕੀਮਤੀ ਸੰਪਤੀਆਂ ਦਾ ਕੰਟਰੋਲ ਹਾਸਿਲ ਕਰਨ 'ਚ ਮਦਦ ਕੀਤੀ।

ਬੈਂਕ ਕਰਮਚਾਰੀਆਂ ਦੀ ਪੇਸ਼ਕਾਰੀ ਵਿਖਾਉਂਦੀ ਹੈ ਕਿ 10 ਕੰਪਨੀਆਂ ਦਿਵਾਲੀਆਪਨ ਦਾ ਸਾਹਮਣਾ ਕਰ ਰਹੀਆਂ ਸਨ ਤੇ ਕਾਰਵਾਈ ਪੂਰੀ ਕਰਨ ਬਾਅਦ ਇਨ੍ਹਾਂ ਸਭ ਨੂੰ ਅਡਾਨੀ ਸਮੂਹ ਨੇ ਖਰੀਦ ਲਿਆ। ਇਨ੍ਹਾਂ ਦੇ 61,832 ਕਰੋੜ ਰੁਪਏ ਦੇ ਸਵੀਕਾਰਤ ਦਾਅਵੇ ਵਿਰੁੱਧ ਅਡਾਨੀ ਸਮੂਹ ਨੇ ਇਨ੍ਹਾਂ ਕੰਪਨੀਆਂ ਨੂੰ ਕੇਵਲ 15,977 ਰੁਪਏ 'ਚ ਹਾਸਿਲ ਕਰ ਲਿਆ। ਇਸ ਮਾਮਲੇ 'ਚ ਬੈਂਕਾਂ ਨੇ ਚੁੱਪਚਾਪ ਵੱਖ-ਵੱਖ ਸੰਸਥਾਵਾਂ 'ਤੇ 42 ਤੋਂ 96 ਫੀਸਦੀ ਤੱਕ ਦਾ ਬੋਝ ਪਾਇਆ। ਇਨ੍ਹਾਂ 'ਚੋਂ ਇਕ ਰੇਡੀਅਸ ਇਸਟੇਟਸ ਤੇ ਡਿਵੈਲਪਰ ਨੇ ਆਪਣੀ ਸੰਪਤੀ ਲਈ 1,700 ਕਰੋੜ ਦੀ ਪੇਸ਼ਕਸ਼ ਕੀਤੀ ਸੀ, ਜਿਸ ਨੂੰ ਅਡਾਨੀ ਗੁੱਡ ਹੋਮਸ ਨੇ ਕੇਵਲ 76 ਕਰੋੜ ਰੁਪਏ 'ਚ ਖਰੀਦ ਕੇ ਬੈਂਕਾਂ ਦੀ 96 ਫੀਸਦੀ ਹਜ਼ਾਮਤ ਕਰ ਦਿੱਤੀ। ਇਸੇ ਤਰ੍ਹਾਂ ਇਕ ਹੋਰ ਮਾਮਲੇ 'ਚ ਅਡਾਨੀ ਪ੍ਰਾਪਰਟੀਜ਼ ਨੇ ਐੱਚ. ਡੀ. ਆਈ. ਐੱਲ. ਦੇ ਬੀ. ਕੇ. ਸੀ. ਪ੍ਰਾਜੈਕਟ ਦੇ 7,795 ਕਰੋੜ ਰੁਪਏ



**ਦਵਿੰਦਰ ਸ਼ਰਮਾ**
**ਪ੍ਰਸਿੱਧ ਖੁਰਾਕ ਅਤੇ ਖੇਤੀਬਾੜੀ ਨੀਤੀ ਮਾਹਰ, 273, ਸੈਕਟਰ-54, ਮੁਹਾਲੀ-160055**
**ਮੋ. 08171030033**

ਦੇਸਵੀਕਾਰਤ ਦਾਅਵੇ ਦੀ ਕੀਮਤ ਰੁਪਏ ਦੇ ਸਵੀਕਾਰਤ ਦਾਅਵੇ ਦੀ ਕੀਮਤ ਦੇ ਮੁਕਾਬਲੇ ਇਸ ਨੂੰ ਮਹਿਜ਼ 285 ਕਰੋੜ ਰੁਪਏ 'ਚ ਖਰੀਦ ਲਿਆ, ਇਸ ਤਰ੍ਹਾਂ ਅਡਾਨੀ ਸਮੂਹ ਦੀ ਟੋਕਰੀ 'ਚ ਇਹ ਸੰਪਤੀ ਇਕ ਤਰ੍ਹਾਂ ਮੁਫਤ ਦੇ ਭਾਅ ਆ ਗਈ, ਹਾਲਾਂਕਿ ਬੈਂਕਾਂ ਦੀ ਇਸ 'ਚ 96 ਫੀਸਦੀ ਤੱਕ ਦਾ ਬੋਝ ਪਾਇਆ। ਇਨ੍ਹਾਂ 'ਚੋਂ ਇਕ ਰੇਡੀਅਸ ਇਸਟੇਟਸ ਤੇ ਡਿਵੈਲਪਰ ਨੇ ਆਪਣੀ ਸੰਪਤੀ ਲਈ 1700 ਕਰੋੜ ਦੀ ਪੇਸ਼ਕਸ਼ ਕੀਤੀ ਸੀ, ਜਿਸ ਨੂੰ ਅਫਾਨੀ ਗੁੱਡਹੋਮਸ ਨੇ ਕੇਵਲ 76 ਕਰੋੜ ਰੁਪਏ 'ਚ ਖਰੀਦ ਕੇ ਬੈਂਕਾਂ ਦੀ 96 ਫੀਸਦੀ ਹਜਾਮਤ ਕਰ ਦਿੱਤੀ। ਇਸੇ ਤਰ੍ਹਾਂ ਇਕ ਹੋਰ ਮਾਮਲੇ 'ਚ ਅਡਾਨੀ ਪ੍ਰਾਪਰਟੀਜ਼ ਨੇ ਐਚ.ਡੀ.ਆਈ.ਐਲ. ਦੇ ਬੀ.ਕੇ.ਸੀ. ਪ੍ਰਾਜੈਕਟ ਦੇ 7,795 ਕਰੋੜ ਰੁਪਏ ਦੇ ਸਵੀਕਾਰਤ ਦਾਅਵੇ ਦੀ ਕੀਮਤ ਦੇ ਮੁਕਾਬਲੇ ਇਸ ਨੂੰ ਮਹਿਜ਼ 285 ਕਰੋੜ ਰੁਪਏ 'ਚ ਖਰੀਦ ਲਿਆ, ਇਸ ਤਰ੍ਹਾਂ ਅਡਾਨੀ ਸਮੂਹ ਦੀ ਟੋਕਰੀ 'ਚ ਇਹ ਸੰਪਤੀ ਇਕ ਤਰ੍ਹਾਂ ਮੁਫਤ ਦੇ ਭਾਅ ਆ ਗਈ, ਹਾਲਾਂਕਿ ਬੈਂਕਾਂ ਦੀ ਇਸ 'ਚ 96 ਫੀਸਦੀ ਹਜ਼ਾਮਤ ਜ਼ਰੂਰ ਹੋ ਗਈ। ਤਕਨੀਕੀ ਤੌਰ 'ਤੇ 'ਹੇਅਰਕੱਟ' ਤੋਂ ਭਾਵ ਹੈ ਕਿ ਕਿਸੇ ਜਾਇਦਾਦ ਦਾ ਮੁੱਲ ਉਸ ਦੀ ਬਾਜ਼ਾਰ ਕੀਮਤ ਤੋਂ ਬਹੁਤ ਘੱਟ ਲਗਾਉਣ ਨੂੰ ਕਿਹਾ ਜਾਂਦਾ ਹੈ। ਇਸ ਨੂੰ ਆਖਰੀ ਉਪਾਅ ਵਜੋਂ ਵੇਖਿਆ ਜਾਂਦਾ ਹੈ, ਜਦੋਂ ਵਸੂਲੀ ਦੀ ਕੋਈ ਉਮੀਦ ਨਾ ਹੋਵੇ। ਹਾਲਾਂਕਿ ਅਜੋਕੇ ਸਮੇਂ ਸਸਤੇ 'ਚ ਉਪਲੱਬਧ ਸੰਪਤੀਆਂ ਨੂੰ ਲੈ ਕੇ ਭੱਜਣਾ ਇਕ ਕਾਨੂੰਨੀ ਤੰਤਰ ਬਣ ਗਿਆ ਹੈ, ਜਿਸ ਦੀ ਕੀਮਤ ਉਨ੍ਹਾਂ ਲੈਣਦਾਰਾਂ ਨੂੰ ਉਠਾਉਣੀ ਪੈਂਦੀ ਹੈ, ਉਨ੍ਹਾਂ ਕੋਲ ਇਸ 'ਹੇਅਰਕੱਟ' ਨਾਲ ਸੰਤੁਸ਼ਟ ਹੋਣ ਬਗੈਰ ਕੋਈ ਹੋਰ ਬਦਲ ਨਹੀਂ ਹੁੰਦਾ ਤੇ ਇਸ ਤੋਂ ਬਾਅਦ ਬੈਂਕ ਲਗਭਗ ਖਾਲੀ ਹੋ ਜਾਂਦੇ ਹਨ।

ਕੇਅਰਏਜ ਰੇਟਿੰਗਜ਼ ਅਨੁਸਾਰ ਇਸ ਵਿੱਤੀ ਸਾਲ ਦੀ ਪਹਿਲੀ ਤਿਮਾਹੀ ਦੌਰਾਨ ਇਹ ਛੋਟ (ਹੇਅਰਕੱਟ) ਵਧ ਕੇ 68 ਫੀਸਦੀ ਤੱਕ ਹੋ ਗਿਆ ਹੋ ਗਿਆ ਹੈ, ਅਜਿਹਾ ਸ਼ਾਇਦ ਛੋਟੀ ਸੰਪਤੀਆਂ 'ਚ ਘੱਟ ਦਿਲਚਸਪੀ ਵਿਖਾਉਣ ਦੇ ਚੱਲਦਿਆਂ ਹੋਇਆ ਹੈ। ਜਿਵੇਂ ਇਕ ਵਾਰ ਭਾਰਤੀ ਰਿਜ਼ਰਵ ਬੈਂਕ (ਆਰ. ਬੀ. ਆਈ.) ਦੇ ਸਾਬਕਾ ਡਿਪਟੀ ਗਵਰਨਰ ਨੇ ਆਪਣੀ ਟਿੱਪਣੀ 'ਚ ਕਿਹਾ ਸੀ ਕਿ ਜਦੋਂ ਕਦੇ ਕੋਈ ਉਧਾਰਕਰਤਾ ਦਿਵਾਲੀਆ ਹੋ ਜਾਂਦਾ ਹੈ ਤਾਂ ਇਕ ਲੈਣਦਾਰ (ਬੈਂਕ) ਦੀ ਕੁਦਰਤੀ ਪ੍ਰਵਿਰਤੀ ਸੰਬੰਧਿਤ ਕਰਜ਼ਦਾਰ ਦੀ ਬਾਜ਼ਾਰਯੋਗ ਸੰਪਤੀ ਦੇ ਬਚੇ ਹੋਏ ਸੰਭਾਵੀ ਸਭ ਤੋਂ ਵੱਡੇ ਹਿੱਸੇ ਨੂੰ ਜਲਦੀ ਨਾਲ ਪ੍ਰਾਪਤ ਕਰਕੇ ਆਪਣੇ ਨੁਕਸਾਨ ਨੂੰ ਘੱਟ ਕਰਨ ਦੀ ਹੁੰਦੀ ਹੈ। ਭਾਵੇਂ ਕਿ ਇਸ ਲੇਖ ਦਾ ਉਦੇਸ਼ ਦਿਵਾਲੀਆਪਨ ਅਤੇ ਦਿਵਾਲੀਆਪਨ ਸੰਹਿਤਾ ਦੇ ਗੁਣ-ਦੋਸ਼ਾਂ 'ਤੇ ਚਰਚਾ ਕਰਨਾ ਨਹੀਂ ਹੈ, ਪਰ ਜਾਇਜ਼ ਸਵਾਲ ਪੈਦਾ ਹੁੰਦਾ ਹੈ ਕਿ ਜਦੋਂ ਕਿਸਾਨ ਕਰਜ਼ਾ ਨਹੀਂ ਮੋੜ ਪਾਉਂਦੇ ਤਾਂ ਉਨ੍ਹਾਂ ਲਈ ਅਜਿਹੀ ਵਿਵਸਥਾ ਕਿਉਂ ਨਹੀਂ ਅਪਣਾਈ ਜਾਂਦੀ? ਜਦੋਂ ਕੋਈ ਕਿਸਾਨ ਕਰਜ਼ਾ ਮੋੜਨ 'ਚ ਨਾਕਾਮ ਰਹਿੰਦਾ ਹੈ ਤਾਂ ਹੇਠਲੀਆਂ ਅਦਾਲਤਾਂ ਅਕਸਰ ਉਨ੍ਹਾਂ ਨੂੰ ਜੇਲ੍ਹ 'ਚ ਸੁੱਟ ਦਿੰਦੀਆਂ ਹਨ। ਕਿਸਾਨ ਲਗਾਤਾਰ ਕਰਜ਼ੇ ਹੇਠ ਜੀਅ ਰਹੇ ਹਨ ਅਤੇ ਅਜਿਹੇ 'ਚ ਕਿਸਾਨ ਜਥੇਬੰਦੀਆਂ ਦੀ ਖੇਤੀ ਕਰਜ਼ੇ ਮੁਆਫ ਕਰਨ ਦੀ ਮੰਗ ਵਧ ਰਹੀ ਹੈ। ਕਈ ਸੂਬਾ ਸਰਕਾਰਾਂ ਨੇ ਖੇਤੀ ਕਰਜ਼ੇ ਮੁਆਫ ਵੀ ਕੀਤੇ ਹਨ, ਜਿਸ ਲਈ ਉਨ੍ਹਾਂ ਨੂੰ ਬੈਂਕਾਂ ਦੇ ਕਾਰੋਬਾਰੀ ਮੀਡੀਆ ਦੀ ਆਲੋਚਨਾ ਦਾ ਸਾਹਮਣਾ ਕਰਨਾ ਪਿਆ ਹੈ। ਪੰਜਾਬ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਵਲੋਂ ਕੁਝ ਸਮਾਂ ਪਹਿਲਾਂ ਖੇਤੀ ਕਰਜ਼ਾ ਮੁਆਫ ਕਰਨ ਪੈਣ ਵਾਲੇ ਬੋਝ ਨੂੰ ਉਠਾਉਣ ਲਈ ਇਕ ਨਵਾਂ ਤਰੀਕਾ ਸੁਝਾਇਆ ਗਿਆ ਸੀ। ਉਨ੍ਹਾਂ ਕਿਹਾ ਸੀ ਕਿ ਸੂਬਾ ਸਰਕਾਰ ਕਿਸਾਨੀ ਕਰਜ਼ਿਆਂ ਨੂੰ ਆਪਣੇ ਅਧੀਨ ਲੈ ਕੇ ਬੈਂਕਾਂ ਨਾਲ ਲੰਬੇ ਸਮੇਂ ਦਾ ਸਮਝੌਤਾ ਕਰਕੇ ਕਿਸਾਨਾਂ ਦੇ ਬਕਾਏ ਦੀ ਬੈਂਕਾਂ ਨੂੰ ਅਦਾਇਗੀ ਕਰੇਗੀ। ਹੈਰਾਨੀ ਦੀ ਗੱਲ ਹੈ ਕਿ 'ਕਾਰਪੋਰੇਟ ਬੈਡ ਲੋਨ' ਮੌਕੇ ਸੂਬਾ ਸਰਕਾਰਾਂ ਅਜਿਹੀ ਉਦਾਰਤਾ ਕਿਉਂ ਨਹੀਂ ਵਿਖਾਉਂਦੀਆਂ, ਕਿਉਂ ਰਿਜ਼ਰਵ ਬੈਂਕ ਤੇ ਵਿੱਤ ਮੰਤਰਾਲਾ ਅਜਿਹਾ ਤੰਤਰ ਬਣਾਉਣ ਲਈ ਅੱਗੇ ਨਹੀਂ ਆਉਂਦਾ, ਜਿਸ ਨਾਲ ਕਿ ਕੰਪਨੀਆਂ ਵੱਡੇ ਵਿੱਤੀ ਬੋਝ ਤੋਂ ਬਚ ਸਕਣ। ਕਰਜ਼ਦਾਰ ਕਿਸਾਨਾਂ ਲਈ ਵੀ ਅਜਿਹੀ ਪਹੁੰਚ ਕਿਉਂ ਨਹੀਂ ਅਪਣਾਈ ਜਾਂਦੀ?

ਅਸੀਂ ਇਥੇ ਕਿਸਾਨਾਂ ਨੂੰ ਕਰਜ਼ੇ ਤੋਂ ਰਾਹਤ ਦੇਣ ਲਈ ਕੇਰਲਾ ਦੁਆਰਾ ਤਿਆਰ ਕੀਤੇ ਗਏ ਇਕਮਾਤਰ ਸਫਲ ਮਾਡਲ ਨੂੰ ਸਾਹਮਣੇ ਲਿਆਉਂਦੇ ਹਾਂ। ਕੇਰਲਾ ਕਿਸਾਨ ਕਰਜ਼ ਰਾਹਤ ਕਮਿਸ਼ਨ ਦੀ ਸਥਾਪਨਾ 2006 'ਚ ਕੀਤੀ ਗਈ ਸੀ ਅਤੇ 2013 ਦੌਰਾਨ ਇਸ 'ਚ ਸੋਧ ਵੀ ਕੀਤੀ ਗਈ ਸੀ। 2022 ਤੱਕ ਇਸ ਕਰਜ਼ ਰਾਹਤ ਦਾ 5.3 ਲੱਖ ਕਿਸਾਨ ਲਾਭ ਉਠਾ ਚੁੱਕੇ ਹਨ, ਜਿਸ 'ਚ ਸਹਿਕਾਰੀ ਬੈਂਕਾਂ ਦੇ ਸੁਸਾਇਟੀਆਂ ਤੋਂ ਲਏ ਗਏ ਵੱਧ ਤੋਂ ਵੱਧ 2 ਲੱਖ ਰੁਪਏ ਤੱਕ ਦੇ ਕਰਜ਼ਿਆਂ ਤੋਂ ਰਾਹਤ ਦਿੱਤੀ ਗਈ ਹੈ। ਹੈਰਾਨੀ ਦੀ ਗੱਲ ਹੈ ਕਿ ਕੇਰਲਾ ਦੇ ਕਰਜ਼ ਰਾਹਤ ਐਕਟ ਨੂੰ ਭਾਰਤੀ ਸੰਸਦ ਦੁਆਰਾ ਕਿਉਂ ਸੋਧ ਕੇ ਲਾਗੂ ਨਹੀਂ ਕੀਤਾ ਗਿਆ, ਜਦਕਿ ਰਾਸ਼ਟਰੀ ਅਪਰਾਧ ਰਿਕਾਰਡ ਬਿਊਰੋ (ਐੱਨ. ਸੀ. ਆਰ. ਬੀ.) ਦੀਆਂ ਰਿਪੋਰਟਾਂ 'ਚ ਲਗਾਤਾਰ ਵਧ ਰਹੇ ਕਰਜ਼ੇ ਨੂੰ ਕਿਸਾਨਾਂ ਦੀਆਂ ਖੁਦਕੁਸ਼ੀਆਂ ਦਾ ਮੁੱਢਲਾ ਕਾਰਨ ਦੱਸਿਆ ਗਿਆ ਹੈ। ਐੱਨ. ਸੀ. ਆਰ. ਬੀ. ਦੁਆਰਾ ਅੰਕੜੇ ਦਰਜ ਕੀਤੇ ਜਾਣ ਬਾਅਦ ਤੋਂ ਲਗਭਗ 4 ਲੱਖ ਕਿਸਾਨ ਖੁਦਕੁਸ਼ੀਆਂ ਕਰਕੇ ਆਪਣੀ ਜੀਵਨ ਲੀਲਾ ਖਤਮ ਕਰ ਚੁੱਕੇ ਹਨ।

ਜੇਕਰ ਬੈਂਕ ਦੀਵਾਲੀਆ ਕੰਪਨੀਆਂ ਨੂੰ ਉਦਾਰਪੂਰਬਕ ਛੋਟੇ ਦੇ ਸਕਦੀਆਂ ਹਨ, ਜਿਨ੍ਹਾਂ ਤੋਂ ਬਕਾਇਆ ਵਸੂਲੀ ਲਗਭਗ ਅਸੰਭਵ ਹੋਵੇ ਤਾਂ ਰਿਜ਼ਰਵ ਬੈਂਕ ਸਰਕਾਰ ਨੂੰ ਕਿਸਾਨਾਂ ਲਈ ਰਾਸ਼ਟਰੀ ਕਰਜ਼ ਰਾਹਤ ਕਮਿਸ਼ਨ ਗਠਿਤ ਕਰਨ ਦਾ ਸੁਝਾਅ ਕਿਉਂ ਨਹੀਂ ਦਿੰਦੀ। ਕਾਰਪੋਰੇਟ ਜਿਹੀ ਸਹੂਲਤ ਕਿਸਾਨਾਂ ਨੂੰ ਵੀ ਕਿਉਂ ਨਹੀਂ ਦਿੱਤੀ ਜਾ ਸਕਦੀ? ਸੂਬਾ ਸਹਿਕਾਰੀ ਬੈਂਕਾਂ ਤੇ ਸੁਸਾਇਟੀਆਂ ਵਲੋਂ ਹੀ ਕਿਸਾਨਾਂ ਦੇ ਬਕਾਇਆ ਕਰਜ਼ ਨੂੰ ਇਕਮੁਸ਼ਤ ਮੁਆਫ ਕਿਉਂ ਕੀਤਾ ਜਾਣਾ ਚਾਹੀਦਾ ਹੈ, ਰਾਸ਼ਟਰੀਕ੍ਰਿਤ ਬੈਂਕਾਂ ਦੇ ਕਰਜ਼ਦਾਰ ਕਿਸਾਨਾਂ 'ਤੇ ਇਹ ਵਿਵਸਥਾਵਾਂ ਕਿਉਂ ਨਹੀਂ ਲਾਗੂ ਹੋਣੀਆਂ ਚਾਹੀਦੀਆਂ? ਕਾਰਪੋਰੇਟ ਨਾਲ ਵਰਤੀ ਜਾਂਦੀ ਵਿੱਤੀ ਉਦਾਰਤਾ ਅਤੇ ਕਰਜ਼ ਦੀਆਂ ਕਿਸ਼ਤਾਂ ਮੋੜਨ 'ਚ ਅਸਮਰੱਥ ਰਹੇ ਕਿਸਾਨਾਂ ਦੀ ਗਰਦਨ ਫੜਨ ਦਾ ਸਿਲਸਿਲਾ ਖਤਮ ਕੀਤਾ ਜਾਣਾ ਚਾਹੀਦਾ ਹੈ, ਕਿਉਂਕਿ ਦੋਵੇਂ ਮਾਮਲਿਆਂ 'ਚ ਬਕਾਇਆ ਰਕਮ ਵਸੂਲੀ ਨਹੀਂ ਜਾ ਸਕਦੀ। ਪਰ ਇਹ ਬਿਲਕੁੱਲ ਸਪਸ਼ਟ ਹੈ ਕਿ ਜਦੋਂ ਕੰਪਨੀਆਂ ਤੇ ਕਿਸਾਨਾਂ ਦੀ ਗੱਲ ਆਉਂਦੀ ਹੈ ਤਾਂ ਸਰਕਾਰ ਦੋ ਵੱਖ-ਵੱਖ ਪੈਮਾਨੇ ਅਪਣਾਉਂਦੀ ਹੈ। ਇਹ ਭੇਦਭਾਵ ਤਾਂ ਹੀ ਖਤਮ ਹੋ ਸਕਦਾ ਹੈ, ਜਦੋਂ ਕਿਸਾਨ ਪੁੱਛਣਾ ਸ਼ੁਰੂ ਦੇਣ ਕਿ ਉਨ੍ਹਾਂ ਨਾਲ ਮਤਰੇਈ-ਮਾਂ ਵਾਲਾ ਸਲੂਕ ਕਿਉਂ ਕੀਤਾ ਜਾ ਰਿਹਾ ਹੈ?

## ਅੱਸੂ ਮਾਹ ਨਿਰਾਲੇ, ਦਿਨੇ ਧੁੱਪ ਤੇ ਰਾਤੀ ਪਾਲੇ

# ਕਿਸਾਨਾਂ ਲਈ ਅੱਸੂ ਦਾ ਮਹੀਨਾ

ਮੌਸਮ ਬੇਭਰੋਸਗੀ ਦਾ ਚਲ ਰਿਹਾ ਹੈ। ਇਸੇ ਕਰਕੇ ਮੀਂਹ ਦਾ ਹਰ ਵੇਲੇ ਡਰ ਬਣਿਆ ਰਹਿੰਦਾ ਹੈ। ਮੌਸਮ ਬਾਰੇ ਭਵਿੱਖਬਾਣੀ ਜ਼ਰੂਰ ਪੜ੍ਹਿਆ ਕਰੋ ਅਤੇ ਉਸੇ ਅਨੁਸਾਰ ਆਪਣੀਆਂ ਫਸਲਾਂ ਦਾ ਪ੍ਰਬੰਧ ਕੀਤਾ ਜਾਵੇ। ਹੁਣ ਮੌਸਮ ਵਿਚ ਬਦਲਾਵ ਆ ਗਿਆ ਹੈ। ਬਰਸਾਤ ਅਤੇ ਗਰਮੀ ਦਾ ਜ਼ੋਰ ਘੱਟ ਗਿਆ ਹੈ। ਕਿਸਾਨਾਂ ਕੋਲ ਇਨ੍ਹਾਂ ਦਿਨਾਂ ਵਿੱਚ ਕੁਝ ਵਿਹਲ ਹੁੰਦੀ ਹੈ। ਅਗਲੇ ਮਹੀਨੇ ਹਾੜ੍ਹੀ ਦੀਆਂ ਫਸਲਾਂ ਦੀ ਬਿਜਾਈ ਸ਼ੁਰੂ ਹੋ ਜਾਣੀ ਹੈ। ਇਸ ਕਰਕੇ ਇਸ ਵਿਹਲ ਦੀ ਵਰਤੋਂ ਹਾੜ੍ਹੀ ਦੀਆਂ ਫਸਲਾਂ ਦੀ ਵਿਉਂਤਬੰਦੀ ਕਰਨ ਲਈ ਕਰਨੀ ਚਾਹੀਦੀ ਹੈ। ਮੌਸਮੀ ਤਬਦੀਲੀਆਂ ਅਤੇ ਮੰਡੀ ਦੀਆਂ ਮੁਸ਼ਕਿਲਾਂ ਨੂੰ ਦੇਖਦਿਆਂ ਹੋਇਆਂ, ਕੇਵਲ ਇੱਕ ਹੀ ਫਸਲ ਦੀ ਬਿਜਾਈ ਨਾ ਕੀਤੀ ਜਾਵੇ, ਸਗੋਂ ਫਸਲਾਂ ਵਿੱਚ ਕੁਝ ਵਖਰੇਵਾਂ ਕੀਤਾ ਜਾਵੇ। ਕਣਕ ਦੇ ਨਾਲੋ ਨਾਲ ਕੁਝ ਰਕਬੇ ਵਿੱਚ ਸਬਜ਼ੀਆਂ, ਹਰਾ ਚਾਰਾ, ਦਾਲਾਂ ਅਤੇ ਤੇਲ ਬੀਜਾਂ ਦੀ ਵੀ ਕਾਸ਼ਤ ਕੀਤੀ ਜਾਵੇ।



ਇਸਦੇ ਨਾਲ ਹੀ ਫਸਲਾਂ ਦੀਆਂ ਬੀਜਣ ਵਾਲੀਆਂ ਕਿਸਮਾਂ ਦਾ ਫੈਸਲਾ ਵੀ ਹੁਣ ਕਰ ਲੈਣਾ ਚਾਹੀਦਾ ਹੈ। ਇੰਝ ਤੁਹਾਨੂੰ ਪਤਾ ਲਗ ਜਾਵੇਗਾ ਕਿ ਤੁਸੀਂ ਕਿਹੜੀ ਫਸਲ ਹੇਠ, ਕਿਤਨਾ ਰਕਬਾ ਬੀਜਣਾ ਹੈ। ਉਸੇ ਅਨੁਸਾਰ ਬੀਜ ਅਤੇ ਖਾਦ ਦਾ ਪ੍ਰਬੰਧ ਕੀਤਾ ਜਾ ਸਕਦਾ ਹੈ। ਫਸਲਾਂ ਦੀਆਂ ਪੰਜਾਬ ਵਿੱਚ ਕਾਸ਼ਤ ਲਈ ਸਿਫਾਰਸ਼ ਕੀਤੀਆਂ ਕਿਸਮਾਂ ਹੀ ਬੀਜੀਆਂ ਜਾਣ। ਦੁਕਾਨਦਾਰਾਂ ਦੇ ਆਖੇ ਗੈਰ-ਪ੍ਰਮਾਣਿਤ ਕਿਸਮਾਂ ਬੀਜਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਸਾਰੀਆਂ ਕਿਸਮਾਂ ਦੀ ਪੂਰੀ ਤਰ੍ਹਾਂ ਪਰਖ ਪਿਛੋਂ ਹੀ ਕਾਸ਼ਤ ਲਈ ਉਨ੍ਹਾਂ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਵੇਲੇ ਸਿਰ ਬੀਜੀਆਂ ਸਾਉਣੀ ਦੀਆਂ ਫਸਲਾਂ ਇਸ ਮਹੀਨੇ ਪੱਕਣ ਲੱਗਦੀਆਂ ਹਨ। ਜੇਕਰ ਮੀਂਹ ਨਹੀਂ ਪਿਆ ਤਾਂ ਫਸਲਾਂ ਨੂੰ ਆਖਰੀ ਪਾਣੀ ਕਟਾਈ ਤੋਂ ਕੋਈ 15 ਦਿਨ ਪਹਿਲਾਂ ਦੇ ਦੇਣਾ ਚਾਹੀਦਾ ਹੈ। ਫਸਲਾਂ ਦੀ ਕਟਾਈ ਤੇ ਗਹਾਈ ਸਮੇਂ ਸਿਰ ਕਰੋ ਤਾਂ ਜੋ ਇਨ੍ਹਾਂ ਦਾ ਨੁਕਸਾਨ ਨਾ ਹੋ ਸਕੇ।

ਜੇਕਰ ਕੋਈ ਖੇਤ ਵਿਹਲਾ ਹੈ ਤਾਂ ਉੱਥੇ ਤੋਰੀਆ ਬੀਜਿਆ ਜਾ ਸਕਦਾ ਹੈ। ਸਾਡੇ ਦੇਸ਼ ਵਿੱਚ ਤੇਲ ਬੀਜਾਂ ਦੀ ਬਹੁਤ ਘਾਟ ਹੈ। ਇਸ ਕਰਕੇ ਇਨ੍ਹਾਂ ਦੀ ਵਿਕਰੀ ਵਿੱਚ ਵੀ ਕੋਈ ਪਰੇਸ਼ਾਨੀ ਨਹੀਂ ਆਉਂਦੀ। ਤੋਰੀਆ ਕੇਵਲ ਤਿੰਨ ਮਹੀਨਿਆਂ ਦੀ ਫਸਲ ਹੈ ਅਤੇ ਇਕ ਏਕੜ ਵਿਚੋਂ ਪੰਜ ਕੁਇੰਟਲ ਤੋਂ ਵੱਧ ਝਾੜ ਪ੍ਰਾਪਤ ਹੋ ਜਾਂਦਾ ਹੈ। ਇਸ ਪਿਛੋਂ ਖੇਤ ਵਿੱਚ ਪਿਆਜ਼, ਆਲੂ ਜਾਂ ਸੂਰਜਮੁਖੀ ਦੀ ਕਾਸ਼ਤ ਕੀਤੀ ਜਾ ਸਕਦੀ ਹੈ। ਇਸ ਦੇ ਵਿਚ ਗੋਭੀ ਸਰ੍ਹੋਂ ਨੂੰ ਰਲਾ ਕੇ ਵੀ ਬੀਜਿਆ ਜਾ ਸਕਦਾ ਹੈ। ਤੋਰੀਆ ਦਸੰਬਰ ਵਿੱਚ ਕੱਟ ਲਿਆ ਜਾਂਦਾ ਹੈ ਜਦੋਂ ਕਿ ਸਰ੍ਹੋਂ ਮਾਰਚ ਵਿਚ ਪੱਕਦੀ ਹੈ। ਖੇਤ ਵਿਚ ਇਕ ਲਾਈਨ ਤੋਰੀਆ ਤੇ ਇਕ ਲਾਈਨ ਗੋਭੀ ਸਰ੍ਹੋਂ ਦੀ ਬੀਜੀ ਜਾ ਸਕਦੀ ਹੈ। ਗੋਭੀ ਸਰ੍ਹੋਂ ਤੋਂ ਪੂਰਾ ਝਾੜ ਭਾਵ ਅੱਠ ਕੁਇੰਟਲ ਪ੍ਰਤੀ ਏਕੜ ਪ੍ਰਾਪਤ ਹੋ ਜਾਂਦਾ ਹੈ। ਟੀ ਐਲ-17 ਅਤੇ ਟੀ ਐਲ-15 ਸਿਫਾਰਸ਼ ਕੀਤੀਆਂ ਤੋਰੀਏ ਦੀਆਂ ਕਿਸਮਾਂ ਹਨ। ਪੀ.ਜੀ. ਐੱਸ. ਐੱਚ. 1707, ਜੀ.ਐੱਸ.ਸੀ. 7, ਜੀ.ਐੱਸ.ਸੀ. 6, ਪੀ.ਜੀ.ਐਸ.ਐੱਚ. 2155 ਗੋਭੀ ਸਰੋਂ ਦੀਆਂ ਕਿਸਮਾਂ ਹਨ। ਸਭ ਤੋਂ ਵੱਧ ਝਾੜ ਪੀ.ਜੀ. ਐੱਸ. ਐੱਚ. 2155 ਦਾ ਕੋਈ 9 ਕੁਇੰਟਲ ਤੋਂ ਵੱਧ ਪ੍ਰਤੀ ਏਕੜ ਹੈ। ਰਲਵੀਂ ਫਸਲ ਲਈ ਕਿਲੋ ਕਿਲੋ ਬੀਜ ਪ੍ਰਤੀ ਏਕੜ ਚਾਹੀਦਾ ਹੈ। ਜਦੋਂ ਕਿ ਨਿਰੋਲ ਫਸਲ ਲਈ ਡੇਢ ਕਿਲੋ ਬੀਜ ਪ੍ਰਤੀ ਏਕੜ ਚਾਹੀਦਾ ਹੈ।

ਸਦਾਬਹਾਰ ਫਲਦਾਰ ਬੂਟਿਆਂ ਵਿਚ ਲੀਚੀ ਤਾਂ ਲਗਾਉਣੀ ਹੀ ਹੁਣ ਚਾਹੀਦੀ ਹੈ। ਪੰਜਾਬ ਦੀ ਨੀਮ ਪਹਾੜੀ ਇਲਾਕਿਆਂ ਵਿਚ ਲੀਚੀ ਸਫਲਤਾ ਨਾਲ ਉਗਾਈ ਜਾ ਸਕਦੀ ਹੈ। ਇਥੇ ਕਾਸ਼ਤ ਲਈ ਦੇਹਰਾਦੂਨ, ਕਲਕੱਤੀਆ ਅਤੇ ਸੀਡਲੈਸ ਲੇਟ ਕਿਸਮਾਂ ਦੀ ਸਿਫਾਰਸ਼ ਕੀਤੀ ਗਈ ਹੈ। ਇਨ੍ਹਾਂ ਇਲਾਕਿਆਂ ਵਿਚ ਹੀ ਚੀਕੂ ਦੇ ਬੂਟੇ ਵੀ ਲਗਾਏ ਜਾ ਸਕਦੇ ਹਨ। ਪੰਜਾਬ ਵਿਚ ਕਾਸ਼ਤ ਲਈ ਕਾਲਪੱਤੀ ਤੇ ਕ੍ਰਿਕਟਬਾਲ ਕਿਸਮਾਂ ਦੀ ਸਿਫਾਰਸ਼ ਕੀਤੀ ਗਈ ਹੈ। ਪਪੀਤਾ ਸਭ ਤੋਂ ਘੱਟ ਉਮਰ ਵਿਚ ਫਲ ਦੇਣ ਲੱਗ ਪੈਂਦਾ ਹੈ। ਇਸ ਦੇ ਕੁਝ ਬੂਟੇ ਵੀ ਲਗਾਏ ਜਾ ਸਕਦੇ ਹਨ। ਰੈਡ ਲੇਡੀ 786, ਪੰਜਾਬ ਸਵੀਟ, ਪੂਸਾ ਡਲੀਸ਼ੀਅਸ, ਪੂਸਾ ਡਵਾਰਫ ਅਤੇ ਹਨੀਡਿਊ ਸਿਫਾਰਸ਼ ਕੀਤੀਆਂ ਕਿਸਮਾਂ ਹਨ।

ਆਲੂ ਪੰਜਾਬ ਦੀ ਮੁੱਖ ਰੋਕੜੀ ਫਸਲ ਬਣ ਗਏ ਹਨ। ਇਨ੍ਹਾਂ ਦੀ ਕਾਸ਼ਤ ਕੋਈ 93000 ਹੈਕਟੇਅਰ ਧਰਤੀ ਉੱਤੇ ਕੀਤੀ ਜਾਂਦੀ ਹੈ। ਜੇਕਰ ਫਸਲ ਚੰਗੀ ਹੋ ਜਾਵੇ ਅਤੇ ਚੰਗੇ ਮੁੱਲ ਉੱਤੇ ਵਿਕ ਜਾਵੇ ਤਾਂ ਚੋਖੀ ਆਮਦਨ ਹੋ ਜਾਂਦੀ ਹੈ ਪਰ ਫਸਲ ਦੀ ਸਫਲਤਾ ਲਈ ਮਿਹਨਤ ਦੀ ਲੋੜ ਹੁੰਦੀ ਹੈ। ਆਲੂ ਦੀ



ਬਿਜਾਈ ਮੌਸਮ ਥੋੜਾ ਠੰਡਾ ਹੁੰਦਿਆਂ ਹੀ ਸ਼ੁਰੂ ਹੋ ਜਾਂਦੀ ਹੈ। ਜੇਕਰ ਵੱਧ ਰਕਬੇ ਵਿੱਚ ਕਾਸ਼ਤ ਕਰਨੀ ਹੈ ਤਾਂ ਕੁਝ ਹਿੱਸੇ ਵਿੱਚ ਅਗੇਤੀਆਂ ਅਤੇ ਕੁਝ ਹਿੱਸੇ ਵਿਚ ਪਿਛੇਤੀਆਂ ਕਿਸਮਾਂ ਨੂੰ ਬੀਜਣਾ ਚਾਹੀਦਾ ਹੈ। ਕੁਫਰੀ ਸੂਰਯਾ, ਕੁਫਰੀ ਚੰਦਰਮੁਖੀ, ਕੁਫਰੀ ਅਸ਼ੋਕਾ ਅਤੇ ਕੁਫਰੀ ਪੁਖਰਾਜ ਅਗੇਤੀਆਂ ਕਿਸਮਾਂ ਹਨ। ਕੁਫਰੀ ਸੰਧੂਰੀ ਅਤੇ ਕੁਫਰੀ ਬਾਦਸ਼ਾਹ ਪਿਛੇਤੀਆਂ ਕਿਸਮਾਂ ਹਨ। ਕੁਫਰੀ ਪੁਸ਼ਕਰ, ਕੁਫਰੀ ਜਯੋਤੀ, ਕੁਫਰੀ ਗੰਗਾ ਅਤੇ ਕੁਫਰੀ ਬਹਾਰ ਮੁੱਖ

ਡਾ. ਰਣਜੀਤ ਸਿੰਘ

ਮੌਸਮ ਦੀਆਂ ਕਿਸਮਾਂ ਹਨ। ਸਭ ਤੋਂ ਵੱਧ ਝਾੜ ਕੁਫਰੀ ਪੁਸ਼ਕਰ ਦਾ ਹੈ। ਇਹ ਇਕ ਏਕੜ ਵਿਚੋਂ 160 ਕੁਇੰਟਲ ਤੋਂ ਵੀ ਵੱਧ ਝਾੜ ਦੇ ਦਿੰਦੀ ਹੈ। ਕੁਫਰੀ ਚਿਪਸੋਨਾ-1, ਕੁਫਰੀ ਚਿਪਸੋਨਾ-3 ਅਤੇ ਕੁਫਰੀ ਫਰਾਈਸੋਨਾ ਪਦਾਰਥੀ ਕਰਨ ਲਈ ਵਧੀਆ ਕਿਸਮਾਂ ਹਨ। ਇਨ੍ਹਾਂ ਸਾਰੀਆਂ ਕਿਸਮਾਂ ਦਾ ਝਾੜ 160 ਕੁਇੰਟਲ ਪ੍ਰਤੀ ਏਕੜ ਤੋਂ ਵੱਧ ਹੈ। ਵੱਧ ਝਾੜ ਦੇਣ ਵਾਲੀ ਫਸਲ ਹੋਣ ਕਰਕੇ ਵਧੇਰੇ ਖਾਦਾਂ ਦੀ ਲੋੜ ਪੈਂਦੀ ਹੈ। ਖੇਤ ਤਿਆਰ ਕਰਦੇ ਸਮੇਂ ਕੋਈ 20 ਟਨ ਰੂੜੀ ਪ੍ਰਤੀ ਏਕੜ ਪਾਈ ਜਾਵੇ। ਇਸ ਦੇ ਨਾਲ ਹੀ 165 ਕਿਲੋ ਯੂਰੀਆ, 155 ਕਿਲੋ ਸੁਪਰਫਾਸਫੇਟ ਅਤੇ 40 ਕਿਲੋ ਮਿਊਰੇਟ ਆਫ ਪੋਟਾਸ਼ ਪਾਉਣ ਦੀ ਸਿਫਾਰਸ਼ ਕੀਤੀ ਜਾਂਦੀ ਹੈ। ਸਾਰੀ ਫਾਸਫੋਰਸ, ਸਾਰੀ ਪੋਟਾਸ਼ ਅਤੇ ਅੱਧੀ ਨਾਈਟ੍ਰੋਜਨ ਬਿਜਾਈ ਸਮੇਂ ਪਾਵੋ। ਬਾਕੀ ਦਾ ਯੂਰੀਆ ਮਿੱਟੀ ਚੜ੍ਹਾਉਣ ਵੇਲੇ ਪਾਇਆ ਜਾਵੇ। ਇਕ ਏਕੜ ਲਈ ਕੋਈ 15 ਕੁਇੰਟਲ ਬੀਜ ਦੀ ਲੋੜ ਹੈ। ਬੀਜ ਵਾਲੇ ਆਲੂਆਂ ਦਾ ਭਾਰ 40-50 ਗ੍ਰਾਮ ਦੇ ਵਿਚਕਾਰ ਹੋਣਾ ਚਾਹੀਦਾ ਹੈ। ਬੀਜ ਹਮੇਸ਼ਾਂ ਸਹੀ ਕਿਸਮ ਦਾ ਰੋਗ ਰਹਿਤ ਵਰਤੋਂ। ਕੋਲਡ ਸਟੋਰ ਵਿਚੋਂ ਕੱਢ ਕੇ ਬੀਜ ਸਿੱਧਾ ਨਹੀਂ ਬੀਜਣਾ ਚਾਹੀਦਾ, ਸਗੋਂ ਕਿਸੇ ਕਮਰੇ ਵਿੱਚ ਖਿਲਾਰ ਕੇ 10 ਕੁ ਦਿਨ ਪਿਆ ਰਹਿਣ ਦੇਣਾ ਚਾਹੀਦਾ ਹੈ। ਬਿਜਾਈ ਕਰਦੇ ਸਮੇਂ ਵੱਟਾਂ ਵਿਚਕਾਰ 60 ਅਤੇ ਆਲੂਆਂ ਵਿਚਕਾਰ 20 ਸੈਂਟੀਮੀਟਰ ਦਾ ਫਾਸਲਾ ਰੱਖਿਆ ਜਾਵੇ।

ਬੀਜ ਨੂੰ ਬੀਜਣ ਤੋਂ ਪਹਿਲਾਂ ਮੋਨਸਰਨ 2.5 ਗ੍ਰਾਮ ਪ੍ਰਤੀ ਲਿਟਰ ਪਾਣੀ ਦੇ ਘੋਲ ਵਿਚ 10 ਮਿੰਟਾਂ ਲਈ ਡੁਬੋ ਲੈਣਾ ਚਾਹੀਦਾ ਹੈ। ਬਾਇਓਜ਼ਾਈਮ ਜੈਵਿਕ ਖਾਦ ਦੀ ਵਰਤੋਂ ਨਾਲ ਪੈਦਾਵਾਰ ਵਿਚ ਵਾਧਾ ਹੁੰਦਾ ਹੈ। ਇਹ ਕਿਣਕਿਆਂ ਅਤੇ ਤਰਲ ਰੂਪ ਵਿਚ ਮਿਲਦਾ ਹੈ। ਕਿਣਕਿਆਂ ਵਾਲਾ ਖਾਦ ਅੱਠ ਕਿਲੋ ਅਤੇ ਤਰਲ 200 ਮਿਲੀਲਿਟਰ ਪ੍ਰਤੀ ਏਕੜ ਬਿਜਾਈ ਸਮੇਂ ਪਾਵੋ। ਬਿਜਾਈ ਪਿਛੋਂ ਜੇਕਰ ਖੇਤ ਨੂੰ ਝੋਨੇ ਦੀ ਪਰਾਲੀ ਨਾਲ ਢੱਕ ਦਿੱਤਾ ਜਾਵੇ ਤਾਂ ਨਦੀਨਾਂ ਦੀ ਰੋਕਥਾਮ ਹੋ ਸਕਦੀ ਹੈ। ਬਿਜਾਈ ਤੋਂ ਇਕ ਮਹੀਨੇ ਪਿਛੋਂ ਮਿੱਟੀ ਚਾੜ੍ਹ ਦੇਵੋ। ਪਹਿਲਾ ਪਾਣੀ ਬਿਜਾਈ ਤੋਂ ਤੁਰੰਤ ਪਿਛੋਂ ਦੇਵੋ। ਪਿਛੋਂ ਹੀ ਹਲਕਾ ਪਾਣੀ ਛੇਤੀ ਛੇਤੀ ਦਿੰਦੇ ਰਹਿਣਾ ਚਾਹੀਦਾ ਹੈ। ਆਲੂ ਕੋਈ 100 ਦਿਨਾਂ ਪਿਛੋਂ ਪੁਟਾਈ ਲਈ ਤਿਆਰ ਹੋ ਜਾਂਦੇ ਹਨ।

ਪੰਜਾਬ ਦੀ ਵਾਹੀ ਹੇਠ ਧਰਤੀ ਲਗਭਗ ਸਾਰੀ ਹੀ ਧਰਤੀ ਸੇਂਜੂ ਹੈ, ਇਥੇ ਮੌਸਮ ਵੀ ਸਾਰੇ ਆਉਂਦੇ ਹਨ। ਇਸੇ ਕਰਕੇ ਸਾਰਾ ਸਾਲ ਹਰਾ ਚਾਰਾ ਉਗਾਇਆ ਜਾ ਸਕਦਾ ਹੈ। ਹਰੇ ਚਾਰੇ ਕਰਕੇ ਹੀ



ਪੰਜਾਬ ਦੇ ਦੁਧਾਰੂ ਦੂਜਿਆਂ ਸੂਬਿਆਂ ਦੇ ਮੁਕਾਬਲੇ ਵਧੇਰੇ ਦੁੱਧ ਦਿੰਦੇ ਹਨ। ਕੁਝ ਦਿਨਾਂ ਵਿੱਚ ਹਾੜ੍ਹੀ ਦੇ ਚਾਰਿਆਂ ਦੀ ਬਿਜਾਈ ਸ਼ੁਰੂ ਹੋ ਜਾਣੀ ਹੈ। ਬਰਸੀਮ ਹਾੜ੍ਹੀ ਦਾ ਮੁੱਖ ਚਾਰਾ ਹੈ। ਇਸ ਦੀ ਇਕ ਵੇਰ ਬਿਜਾਈ ਕਰਕੇ ਕਈਂ ਮਹੀਨੇ ਚਾਰਾ ਪ੍ਰਾਪਤ ਹੁੰਦਾ ਹੈ। ਮਸ਼ੀਨੀ ਖੇਤੀ ਹੋਣ ਨਾਲ ਪੰਜਾਬ ਵਿੱਚ ਡੰਗਰਾਂ ਦੀ ਗਿਣਤੀ ਘੱਟ



ਗਈ ਹੈ ਪਰ ਫਿਰ ਵੀ ਦੁਧਾਰੂ ਪਸ਼ੂ ਤਾਂ ਸਾਰੇ ਰੱਖਦੇ ਹੀ ਹਨ। ਬਰਸੀਮ ਧਰਤੀ ਦੀ ਉਪਜਾਊ ਸ਼ਕਤੀ ਵਿੱਚ ਵੀ ਵਾਧਾ ਕਰਦੀ ਹੈ। ਇਸ ਨਾਲ ਨਦੀਨਾਂ ਨੂੰ ਵੀ ਕਾਬੂ ਕੀਤਾ ਜਾ ਸਕਦਾ ਹੈ। ਪੰਜਾਬ ਵਿੱਚ ਕਾਸ਼ਤ ਲਈ ਬੀ.ਐਲ.-44, ਬੀ.ਐਲ.-42, ਬੀ ਐਲ-10 ਅਤੇ ਬੀ ਐੱਲ-43 ਸਿਫਾਰਿਸ਼ ਕੀਤੀਆਂ ਕਿਸਮਾਂ ਹਨ। ਇਕ ਏਕੜ ਲਈ 10 ਕਿਲੋ ਬੀਜ ਚਾਹੀਦਾ ਹੈ। ਬਿਜਾਈ ਤੋਂ ਪਹਿਲਾਂ ਖੇਤ ਨੂੰ ਚੰਗੀ ਤਰ੍ਹਾਂ ਤਿਆਰ ਕਰੋ ਅਤੇ ਛੋਟੇ ਕਿਆਰੇ ਬਣਾਵੋ। ਬੀਜਣ ਤੋਂ ਪਹਿਲਾਂ ਬੀਜ ਨੂੰ ਪਾਣੀ ਵਿੱਚ ਪਾਵੋ। ਜਿਹੜੇ ਬੀਜ ਤਰ ਆਉਣ ਉਨ੍ਹਾਂ ਨੂੰ ਕੱਢ ਦੇਵੋ। ਬੀਜ ਨੂੰ ਰਾਈਜ਼ੋਬੀਅਮ ਦਾ ਟੀਕਾ ਵੀ ਲਗਾਵੋ। ਜਦੋਂ ਮੌਸਮ ਸ਼ਾਂਤ ਹੋਵੇ ਤਾਂ ਖੇਤ ਨੂੰ ਪਾਣੀ ਦੇਵੋ, ਹੁਣ ਬੀਜ ਦਾ ਇਕ ਸਾਰ ਛੱਟਾ ਦੇਵੋ। ਜੇਕਰ 750 ਗ੍ਰਾਮ ਸਰ੍ਹੋਂ ਵੀ ਰਲਾ ਦਿੱਤੀ ਜਾਵੇ ਤਾਂ ਪਹਿਲਾ ਲੋਅ ਵਧੀਆ ਹੋ ਜਾਵੇਗਾ। ਖੇਤ ਤਿਆਰ ਕਰਨ ਤੋਂ ਪਹਿਲਾਂ ਛੇ ਟਨ ਰੂੜੀ ਪਾਵੋ। ਬਿਜਾਈ ਸਮੇਂ 125 ਕਿਲੋ ਸੁਪਰਫਾਸਫੇਟ ਪ੍ਰਤੀ ਏਕੜ ਵੀ ਪਾ ਦਿੱਤੀ ਜਾਵੇ। ਪਹਿਲੀ ਕਟਾਈ 50 ਦਿਨਾਂ ਪਿਛੋਂ ਕੀਤੀ ਜਾ ਸਕਦੀ ਹੈ।

ਸਰਦੀਆਂ ਦੀਆਂ ਸਬਜ਼ੀਆਂ ਦੀ ਕਾਸ਼ਤ ਦਾ ਹੁਣ ਮੌਸਮ ਚਲ ਰਿਹਾ ਹੈ। ਫੁੱਲ ਗੋਭੀ ਦੀ ਪਨੀਰੀ ਪੁੱਟ ਕੇ ਖੇਤ ਵਿੱਚ ਲਗਾਉਣ ਦਾ ਇਹ ਢੁਕਵਾਂ ਸਮਾਂ ਹੈ। ਇਸੇ ਤਰ੍ਹਾਂ ਬੰਦਗੋਭੀ ਦੀ ਪਨੀਰੀ ਵੀ ਹੁਣ ਲਗਾ ਦੇਣੀ ਚਾਹੀਦੀ ਹੈ। ਗਾਜਰ, ਮੂਲੀ ਅਤੇ ਸ਼ਲਗਮ ਦੀ ਬਿਜਾਈ ਲਈ ਵੀ ਇਹ ਢੁਕਵਾਂ ਸਮਾਂ ਹੈ। ਪੀ ਸੀ-161 ਪੰਜਾਬ ਕੈਰਟ ਰੈਡ, ਪੰਜਾਬ ਬਲੈਕ ਬਿਊਟੀ ਅਤੇ ਪੀ ਸੀ-34 ਗਾਜਰ ਦੀਆਂ ਉਨਤ ਕਿਸਮਾਂ ਹਨ। ਐਲ-1 ਸ਼ਲਗਮ ਦੀ ਸਿਫਾਰਸ਼ ਕੀਤੀ ਕਿਸਮ ਹੈ। ਮੂਲੀ ਦੀਆਂ ਹੁਣ ਪੰਜਾਬ ਸਫੈਦ ਮੂਲੀ-2, ਪੰਜਾਬ ਪਸੰਦ ਅਤੇ ਜਾਪਾਨੀ ਵਾਈਟ ਕਿਸਮਾਂ ਦੀ ਬਿਜਾਈ ਕਰਨੀ ਚਾਹੀਦੀ ਹੈ। ਪਾਲਕ ਦੀ ਖੇਤੀ ਲਗਭਗ ਸਾਰਾ ਸਾਲ ਹੀ ਹੁੰਦੀ ਰਹਿੰਦੀ ਹੈ। ਨਵੀਂ ਬਿਜਾਈ ਹੁਣ ਕੀਤੀ ਜਾ ਸਕਦੀ ਹੈ। ਪੰਜਾਬ ਗਰੀਨ ਉੱਨਤ ਕਿਸਮ ਹੈ। ਇਕ ਏਕੜ ਲਈ ਕੋਈ ਪੰਜ ਕਿਲੋ ਬੀਜ ਚਾਹੀਦਾ ਹੈ।

ਆਮ ਤੌਰ ਉੱਤੇ ਗੰਨੇ ਦੀ ਬਿਜਾਈ ਫਰਵਰੀ-ਮਾਰਚ ਵਿੱਚ ਕੀਤੀ ਜਾਂਦੀ ਹੈ ਪਰ ਮਾਹਿਰਾਂ ਦਾ ਮੰਨਣਾ ਹੈ ਕਿ ਇਸ ਦੀ ਬਿਜਾਈ ਹੁਣ ਵੀ ਕੀਤੀ ਜਾ ਸਕਦੀ ਹੈ। ਇਸ ਨੂੰ ਪਤਝੜੀ ਫਸਲ ਆਖਿਆ ਜਾਂਦਾ ਹੈ। ਇਸ ਮੌਸਮ ਦੀ ਬਿਜਾਈ ਦਾ ਮੁੱਖ ਲਾਭ ਹੈ ਕਿ ਇਸ ਵਿੱਚ ਦੂਜੀਆਂ ਫਸਲਾਂ ਦੀ ਕਾਸ਼ਤ ਵੀ ਕੀਤੀ ਜਾ ਸਕਦੀ ਹੈ। ਆਲੂ, ਕਣਕ, ਰਾਇਆ, ਗੋਭੀ, ਸਰ੍ਹੋਂ, ਤੋਰੀਆ, ਮੱਕੀ, ਪੱਤਗੋਭੀ, ਮੂਲੀ, ਮਟਰ, ਛੋਲੇ ਜਾਂ ਲਸਣ ਦੀ ਬਿਜਾਈ ਕੀਤੀ ਜਾ ਸਕਦੀ ਹੈ। ਇੰਝ ਇਕ ਵਾਧੂ ਫਸਲ ਪ੍ਰਾਪਤ ਹੋ ਜਾਵੇਗੀ। ਇਸ ਮੌਸਮ ਵਿੱਚ ਬਿਜਾਈ ਲਈ ਸੀ. ਓ. ਪੀ. ਬੀ-95, ਸੀ. ਓ. ਪੀ. ਬੀ-96, ਸੀ. ਓ. ਪੀ. ਬੀ-92, ਸੀ. ਓ. ਜੇ-85, ਸੀ ਓ-118 ਅਤੇ ਸੀ. ਓ. ਜੇ-64 ਕਿਸਮਾਂ ਦੀ ਸਿਫਾਰਸ਼ ਕੀਤੀ ਗਈ ਹੈ। ਖਾਦਾਂ ਦੀ ਵਰਤੋਂ ਮਿੱਟੀ ਪਰਖ ਦੀ ਰਿਪੋਰਟ ਅਨੁਸਾਰ ਕਰਨੀ ਚਾਹੀਦੀ ਹੈ। ਬਿਜਾਈ ਸਮੇਂ 30 ਕਿਲੋ ਨਾਈਟ੍ਰੋਜਨ ਪ੍ਰਤੀ ਏਕੜ ਪਾਉਣ ਦੀ ਸਿਫਾਰਸ਼ ਕੀਤੀ ਗਈ ਹੈ। ਇਕ ਏਕੜ ਲਈ ਤਿੰਨ ਅੱਖਾਂ ਵਾਲੀਆਂ 20 ਹਜ਼ਾਰ ਪੱਛੀਆਂ ਜਾਂ ਚਾਰ ਅੱਖਾਂ ਵਾਲੀਆਂ 15000 ਪੱਛੀਆਂ ਚਾਹੀਦੀਆਂ ਹਨ। ਬਿਜਾਈ ਸਿਆੜਾਂ ਵਿੱਚ ਪੱਛੀਆਂ ਨੂੰ ਇਕ ਦੂਜੀ ਨਾਲ ਜੋੜ ਕੇ ਕਰੋ। ਲਾਈਨਾਂ ਵਿਚਕਾਰ 90 ਸੈਂਟੀਮੀਟਰ ਦਾ ਫਾਸਲਾ ਰੱਖਿਆ ਜਾਵੇ। ਪਹਿਲਾ ਪਾਣੀ ਬਿਜਾਈ ਤੋਂ ਇਕ ਮਹੀਨੇ ਪਿਛੋਂ ਦੇਵੋ।

# ਕੀ ਹੈ ਬਾਈਪਾਸ ਫੈਟ ਅਤੇ ਕਿੰਝ ਕਰੀਏ ਇਸ ਦੀ ਵਰਤੋਂ?

ਸੱਜਰ ਸੂਏ ਪਸ਼ੂ ਦੀ ਖੁਰਾਕ ਖਾਣ ਦੀ ਸਮਰੱਥਾ ਅਤੇ ਪਾਚਣ-ਸ਼ਕਤੀ ਘੱਟ ਜਾਂਦੀ ਹੈ ਅਤੇ ਨਾਲ ਹੀ ਨਾਲ ਪਸ਼ੂਆਂ ਵਿਚ ਹਾਰਮੋਨਾਂ ਦੀਆਂ ਤਬਦੀਲੀਆਂ ਵੀ ਹੋਣ ਲੱਗ ਜਾਂਦੀਆਂ ਹਨ। ਪਸ਼ੂ ਨੂੰ ਆਪਣੀਆਂ ਸਰੀਰਕ ਜ਼ਰੂਰਤਾਂ ਪੂਰੀਆਂ ਕਰਨ ਲਈ ਸਰੀਰ ਵਿਚ ਜਮ੍ਹਾਂ ਤੱਤ ਵਰਤਣੇ ਪੈਂਦੇ ਹਨ ਜਿਸ ਨਾਲ ਪਸ਼ੂ ਨਕਾਰਾਤਮਕ ਊਰਜਾ ਸੰਤੁਲਨ ਵਿਚ ਆ ਜਾਂਦਾ ਹੈ ਜਿਸ ਕਰਕੇ ਪਸ਼ੂ ਦਾ ਭਾਰ ਘੱਟ ਜਾਂਦਾ ਹੈ, ਜਲਦੀ ਹੇਹੇ ਵਿਚ ਨਹੀਂ ਆਉਂਦਾ ਅਤੇ ਦੁੱਧ ਦੀ ਪੈਦਾਵਾਰ ਉੱਤੇ ਵੀ ਮਾੜਾ ਅਸਰ ਪੈਂਦਾ ਹੈ। ਇਹਨਾਂ ਸਾਰੀਆਂ ਅਲਾਮਤਾਂ ਤੋਂ ਬਚਣ ਲਈ ਪਸ਼ੂ ਦੇ ਸੂਣ ਤੋਂ 21 ਦਿਨ ਪਹਿਲਾਂ ਤੋਂ ਸ਼ੁਰੂ ਕਰਕੇ 21 ਦਿਨ ਬਾਅਦ ਤੱਕ ਬਾਈਪਾਸ ਫੈਟ ਨੂੰ ਪਸ਼ੂ ਦੀ ਖੁਰਾਕ ਵਿਚ ਸ਼ਾਮਿਲ ਕਰਨਾ ਚਾਹੀਦਾ ਹੈ।

ਆਮ ਤੌਰ ਤੇ ਇਹ ਵੇਖਿਆ ਗਿਆ ਹੈ ਕਿ ਪਸ਼ੂ-ਪਾਲਕ ਵੀਰ ਪਸ਼ੂਆਂ ਦੀ ਖੁਰਾਕ ਵਿਚ ਊਰਜਾ ਸ੍ਰੋਤ ਵਜੋਂ ਸਰ੍ਹੋਂ ਦਾ ਤੇਲ ਇਸਤੇਮਾਲ ਕਰਦੇ ਹਨ।



ਜੁਗਾਲੀ ਵਾਲੇ ਪਸ਼ੂਆਂ ਨੂੰ ਬਨਸਪਤੀ ਤੇਲ ਦੇਣਾ ਠੀਕ ਨਹੀਂ ਹੈ। ਇਹ ਤੇਲ ਰਿਊਮਨ ਵਿਚ ਮੌਜੂਦ ਮਿੱਤਰ ਸੂਖਮ ਜੀਵਾਂ ਲਈ ਹਾਨੀਕਾਰਕ ਹੁੰਦੀ ਹੈ ਅਤੇ ਤੇਲ ਦੇਣ ਨਾਲ ਰੇਸ਼ੇ ਦੀ ਪਚਣਯੋਗਤਾ ਘੱਟ ਜਾਂਦੀ ਹੈ। ਬਾਈਪਾਸ ਫੈਟ ਰਿਊਮਨ ਦੇ ਜੀਵਾਣੂਆਂ ਲਈ ਹਾਨੀਕਾਰਕ ਨਹੀਂ ਹੁੰਦੀ ਕਿਉਂਕਿ ਇਹ ਰਿਊਮਨ ਵਿਚ ਸਥਿਰ ਰਹਿੰਦੀ ਹੈ ਅਤੇ ਆਂਤੜੀਆਂ ਵਿਚ ਹਜ਼ਮ ਹੁੰਦੀ ਹੈ।

ਵਧੇਰੇ ਦੁੱਧ ਦੇਣ ਵਾਲੀਆਂ ਗਾਂਵਾਂ, ਮੱਝਾਂ ਹਮੇਸ਼ਾ ਨਕਾਰਾਤਮਕ ਊਰਜਾ ਸੰਤੁਲਨ ਵਿਚ ਰਹਿੰਦੀਆਂ ਹਨ, ਇਸ ਲਈ ਇਹਨਾਂ ਪਸ਼ੂਆਂ ਦੀ ਖੁਰਾਕ ਵਿਚ ਬਾਈਪਾਸ ਫੈਟ ਦੀ ਵਰਤੋਂ ਮਦਦਗਾਰ ਰਹਿੰਦੀ ਹੈ। ਵੰਡ ਵਿਚ 1-2% ਤੱਕ ਬਾਈਪਾਸ ਫੈਟ ਦੀ ਵਰਤੋਂ ਕੀਤੀ ਜਾ ਸਕਦੀ ਹੈ।

**ਬਾਈਪਾਸ ਫੈਟ ਦੇ ਲਾਭ :**

★ ਪਸ਼ੂ ਸੂਣ ਮਗਰੋਂ ਭਾਰ ਨਹੀਂ ਘਟਾਉਂਦੇ
★ ਪਸ਼ੂ ਜਲਦੀ ਹੇਹੇ ਵਿਚ ਆਉਂਦੇ ਹਨ।
★ ਗੱਭਣ ਹੋਣ ਦੀ ਦਰ ਵਿਚ ਵਾਧਾ ਹੁੰਦਾ ਹੈ
★ ਦੁੱਧ ਉਤਪਾਦਨ ਵਿਚ ਵਾਧਾ ਹੁੰਦਾ ਹੈ
★ ਦੁੱਧ ਦੀ ਫੈਟ ਨਹੀਂ ਘਟਦੀ
★ ਸਰੀਰਕ ਸਥਿਤੀ ਠੀਕ ਰਹਿੰਦੀ ਹੈ
★ ਪਸ਼ੂ ਅਛੂਤੀਆਂ ਬੀਮਾਰੀਆਂ ਤੋਂ ਬਚੇ ਰਹਿੰਦੇ ਹਨ।

**ਵਿਵੇਕ ਸ਼ਰਮਾ, ਕ੍ਰਿਸ਼ੀ ਵਿਗਿਆਨ ਕੇਂਦਰ,**
**ਸ੍ਰੀ ਮੁਕਤਸਰ ਸਾਹਿਬ, ਮੋ. 98769-17183**

# ਬਦਲਦੇ ਮੌਸਮ 'ਚ ਜ਼ਰੂਰੀ ਹੈ ਸਾਵਧਾਨੀ



ਪ੍ਰਿੰ. ਡਾ. ਮੋਹਨ ਲਾਲ ਸ਼ਰਮਾ

**ਆਪਕਾ ਸਵਾਸਥਯ ਆਪਕੀ ਸਬ ਸੇ ਬੜੀ ਧਰੋਹਰ ਹੈ।**
**ਇਸ ਕਾ ਅਹਿਸਾਸ ਤਬ ਹੋਤਾ ਹੈ ਜਬ ਹਮ ਇਸੇ ਖੋ ਦੇਤੇਂ ਹੈ॥**

ਬਦਲਦੇ ਮੌਸਮ ਦੇ ਉਤਰਾਅ-ਚੜ੍ਹਾਅ ਨੂੰ ਹਲਕੇ 'ਚ ਨਾ ਲਓ। ਇਨ੍ਹੀਂ ਦਿਨ੍ਹੀਂ ਮੌਸਮ 'ਚ ਤੇਜ਼ੀ ਨਾਲ ਤਬਦੀਲੀ ਆ ਰਹੀ ਹੈ। ਦਿਨ 'ਚ ਮੌਸਮ ਆਮ ਵਰਗਾ ਹੈ ਤਾਂ ਰਾਤ ਅਤੇ ਸਵੇਰ ਦੇ ਸਮੇਂ ਆਮ ਨਾਲੋਂ ਘੱਟ ਮਹਿਸੂਸ ਹੋ ਰਿਹਾ ਹੈ। ਅਜਿਹੇ 'ਚ ਸਾਨੂੰ ਸਿਹਤ ਪ੍ਰਤੀ ਸੁਚੇਤ ਰਹਿਣ ਦੀ ਲੋੜ ਹੈ। ਇਸ ਬਦਲਦੇ ਮੌਸਮ 'ਚ ਡੇਂਗੂ, ਵਾਇਰਲ ਬੁਖਾਰ ਵਰਗੀਆਂ ਬੀਮਾਰੀਆਂ ਤੇਜ਼ੀ ਨਾਲ ਪੈਦਾ ਹੁੰਦੀਆਂ ਹਨ। ਸਵੇਰੇ ਤੇ ਸ਼ਾਮ ਦੀ ਠੰਡ ਅਤੇ ਦਿਨ ਭਰ ਗਰਮੀ ਦੇ ਇਸ ਬਦਲਦੇ ਮੌਸਮ 'ਚ ਆਪਣੀ ਸੁਰੱਖਿਆ ਖੁਦ ਕਰੋ। ਇਹ ਮੌਸਮ ਤੁਹਾਨੂੰ ਭਾਰੀ ਨੁਕਸਾਨ ਪਹੁੰਚਾ ਸਕਦਾ ਹੈ। ਅਜਿਹੇ 'ਚ ਖੁਦ ਨੂੰ ਸੁਰੱਖਿਅਤ ਰੱਖਣ ਲਈ ਸਾਨੂੰ ਸਾਵਧਾਨ ਰਹਿਣਾ ਜ਼ਰੂਰੀ ਹੈ। ਬਦਲਦੇ ਮੌਸਮ ਨਾਲ ਲੋਕਾਂ ਦੀ ਸਿਹਤ ਵਿਗੜ ਰਹੀ ਹੈ। ਇਸ ਦਾ ਸਭ ਤੋਂ ਵੱਧ ਅਸਰ ਬੱਚਿਆਂ ਅਤੇ ਬਜ਼ੁਰਗਾਂ 'ਚ ਦੇਖਣ ਨੂੰ ਮਿਲ ਰਿਹਾ ਹੈ। ਬੱਚਿਆਂ ਦੇ ਰੋਗਾਂ ਸਬੰਧੀ ਡਾਕਟਰਾਂ ਕੋਲ ਰੋਜ਼ਾਨਾ ਸੈਂਕੜਿਆਂ ਦੀ ਗਿਣਤੀ 'ਚ ਮਾਪੇ ਆਪਣੇ ਬੱਚਿਆਂ ਦਾ ਇਲਾਜ ਕਰਵਾਉਣ ਲਈ ਪਹੁੰਚ ਰਹੇ ਹਨ, ਜਿਨ੍ਹਾਂ 'ਚ ਵਧੇਰੇ ਬੱਚਿਆਂ ਦੀ ਸਿਹਤ ਵਿਗੜਣ ਦਾ ਕਾਰਨ ਸਿਰਫ ਬਦਲਦਾ ਮੌਸਮ ਹੀ ਨਹੀਂ ਸਗੋਂ ਖਾਣ-ਪੀਣ, ਰਹਿਣ-ਸਹਿਣ ਤੇ ਪਹਿਰਾਵਾ ਦੱਸਿਆ ਜਾ ਰਿਹਾ ਹੈ। ਸਿਹਤ ਮਾਹਿਰਾਂ ਦਾ ਕਹਿਣਾ ਹੈ ਕਿ ਬਦਲਦੇ ਮੌਸਮ 'ਚ ਇਨਫੈਕਸ਼ਨ ਤੇਜ਼ੀ ਨਾਲ ਫੈਲਦਾ ਹੈ ਅਤੇ ਬੈਕਟੀਰੀਆ ਆਦਿ ਜੀਵਾਣੂ ਅਤੇ ਰੋਗਾਣੂ ਦੇ ਪੈਦਾ ਹੋਣ ਦੀ ਸੰਭਾਵਨਾ ਵੀ ਵਧ ਜਾਂਦੀ ਹੈ। ਵਾਤਾਵਰਣ ਅਤੇ ਜਲਵਾਯੂ 'ਚ ਤਬਦੀਲੀ ਕਾਰਨ ਸਰਦੀ-ਜ਼ੁਕਾਮ, ਡੇਂਗੂ ਤੇ ਵਾਇਰਲ ਬੁਖਾਰ ਵਰਗੇ ਖਤਰਨਾਕ ਰੋਗ ਆਸਾਨੀ ਨਾਲ ਸਾਡੇ ਸਰੀਰ ਦੀ ਰੋਗਾਂ ਤੋਂ ਬਚਾਉਣ ਦੀ ਸਮਰੱਥਾ ਘੱਟ ਹੁੰਦੀ ਜਾਂਦੀ ਹੈ। ਅਜਿਹੇ ਸਮੇਂ 'ਚ ਠੰਡਾ ਪਾਣੀ, ਕੋਲਡ ਡ੍ਰਿੰਕਸ ਆਦਿ ਆਦਤਾਂ ਨੂੰ ਛੱਡ ਦੇਣਾ ਚਾਹੀਦਾ ਹੈ, ਨਹੀਂ ਤਾਂ ਅਸੀਂ ਵੀ ਕਿਸੇ ਨਾ ਕਿਸੇ ਬੀਮਾਰੀ ਦਾ ਸ਼ਿਕਾਰ ਹੋ ਸਕਦੇ ਹਾਂ। ਕਿਸੇ ਵੀ ਕਿਸਮ ਦੇ ਇਨਫੈਕਸ਼ਨ ਰੋਗਾਂ ਤੋਂ ਬਚਣ ਲਈ ਆਪਣੇ ਹੱਥਾਂ ਨੂੰ ਸਾਬਣ ਨਾਲ ਚੰਗੀ ਤਰ੍ਹਾਂ ਧੋਵੋ, ਗਰਮ ਪਾਣੀ ਦੀ ਵਰਤੋਂ ਕਰੋ, ਇਸ ਮੌਸਮ 'ਚ ਤੁਸੀਂ ਆਪਣੀ ਸਿਹਤ ਨੂੰ ਲੈ ਕੇ ਜਾਗਰੂਕ ਰਹੋ, ਸਾਦਾ ਭੋਜਨ ਖਾਓ ਅਤੇ ਵੱਧ ਤੋਂ ਵੱਧ ਕੋਸੇ ਪਾਣੀ ਦੀ ਵਰਤੋਂ ਕਰੋ ਜਿਸ ਨਾਲ ਤੁਹਾਡੀ ਰੋਗਾਂ ਤੋਂ ਬਚਾਉਣ ਦੀ ਸਮਰੱਥਾ ਵਧੇ ਅਤੇ ਤੁਸੀਂ ਸਿਹਤਮੰਦ ਤੇ ਤੰਦਰੁਸਤ ਰਹੋ। ਬਦਲਦੇ ਮੌਸਮ ਦੌਰਾਨ ਸਮੇਂ-ਸਮੇਂ 'ਤੇ ਸਫਾਈ ਅਤੇ ਸਾਵਧਾਨੀ ਦਾ ਵਿਸ਼ੇਸ਼ ਧਿਆਨ ਰੱਖ ਕੇ ਬੀਮਾਰੀਆਂ ਦੀ ਦੁਨੀਆਂ ਤੋਂ ਕਾਫੀ ਦੂਰ ਰਿਹਾ ਜਾ ਸਕਦਾ ਹੈ। ਮੌਸਮੀ ਬੀਮਾਰੀਆਂ ਹੋਣ 'ਤੇ ਸਮਾਂ ਰਹਿੰਦੇ ਸਹੀ ਇਲਾਜ ਕਰਵਾਉਣਾ ਚਾਹੀਦਾ ਹੈ। ਬੱਚਿਆਂ ਅਤੇ ਬਜ਼ੁਰਗਾਂ ਦੇ ਬੀਮਾਰ ਹੋਣ 'ਤੇ ਉਨ੍ਹਾਂ ਦੇ ਇਲਾਜ 'ਚ ਬਿਲਕੁਲ ਵੀ ਲਾਪ੍ਰਵਾਹੀ ਨਹੀਂ ਵਰਤਣੀ ਚਾਹੀਦੀ। ਨਹੀਂ ਤਾਂ ਸਿਹਤ ਜ਼ਿਆਦਾ ਵਿਗੜ ਸਕਦੀ ਹੈ।

ਇਸ ਬਦਲਦੇ ਮੌਸਮ 'ਚ ਦੇਸ਼ ਦੇ ਕਈ ਸੂਬਿਆਂ 'ਚ ਹਰ ਸਾਲ ਡੇਂਗੂ ਦਾ ਅਜਿਹਾ ਹੀ ਜਾਨਲੇਵਾ ਕਹਿਰ ਦੇਖਿਆ ਜਾਂਦਾ ਰਿਹਾ ਹੈ। ਅਚਾਨਕ ਕਈ ਥਾਵਾਂ 'ਤੇ ਹਾਲਾਤ ਵਿਗੜਣ ਲੱਗਦੇ ਹਨ। ਹਜ਼ਾਰਾਂ ਲੋਕ ਡੇਂਗੂ ਤੋਂ ਪੀੜਤ ਹੋ ਕੇ ਹਸਪਤਾਲਾਂ 'ਚ ਦਾਖਲ ਹੁੰਦੇ ਹਨ। ਜਿਨ੍ਹਾਂ 'ਚ ਸੈਂਕੜੇ ਲੋਕ ਸਮੇਂ 'ਤੇ ਠੀਕ ਇਲਾਜ ਨਾ ਮਿਲਣ ਕਾਰਨ ਦਮ ਤੋੜ ਦਿੰਦੇ ਹਨ। ਅਸਲ 'ਚ ਡੇਂਗੂ ਤੇ ਵਾਇਰਲ ਬੁਖਾਰ ਕੋਈ ਕੁਦਰਤੀ ਆਫਤ ਨਹੀਂ ਸਗੋਂ ਸਾਡੀ ਲਾਪ੍ਰਵਾਹੀ ਦਾ ਕਾਰਨ ਹੈ। ਜੇਕਰ ਅਸੀਂ ਠੀਕ ਸਮੇਂ 'ਤੇ ਸਾਰੀ ਕਿਸਮ ਦੀਆਂ ਸਾਵਧਾਨੀਆਂ ਲਈ ਜ਼ਰੂਰੀ ਕਦਮ ਚੁੱਕੀਏ ਤਾਂ ਕਈ ਲੋਕ ਇਨ੍ਹਾਂ ਭਿਆਨਕ ਬੀਮਾਰੀਆਂ ਤੋਂ ਬਚ ਸਕਦੇ ਹਨ। ਹਾਲਾਂਕਿ ਹਰ ਸਾਲ 16 ਮਈ ਨੂੰ ਰਾਸ਼ਟਰੀ ਡੇਂਗੂ ਦਿਵਸ ਵੀ ਮਨਾਇਆ ਜਾਂਦਾ ਹੈ ਤਾਂ ਕਿ ਸਮੇਂ 'ਤੇ ਸਾਰੇ ਲੋਕ ਤੇ ਪ੍ਰਸ਼ਾਸਨ ਜਾਗਰੂਕ ਹੋ ਕੇ ਇਸ ਬਿਮਾਰੀ ਨੂੰ ਸਮਝ ਸਕਣ ਅਤੇ ਸੁਰੱਖਿਅਤ ਰਹਿ ਸਕਣ ਪਰ ਜਿਵੇਂ ਹੀ ਡੇਂਗੂ ਦਾ ਜਾਨਲੇਵਾ ਖੌਫ ਸਾਹਮਣੇ ਆਉਂਦਾ ਹੈ ਉਵੇਂ ਹੀ ਸਾਰੀ ਦੀ ਸਾਰੀ ਹਾਲਤ ਵਿਗੜਨ ਲਗਦੀ ਹੈ ਅਤੇ ਅਸਲੀਅਤ ਤਾਂ ਇਹੀ ਹੈ ਕਿ ਵਧੇਰੇ ਥਾਵਾਂ 'ਤੇ ਮੱਛਰਾਂ ਨੂੰ ਪੈਦਾ ਹੋਣ ਤੋਂ ਰੋਕਣ ਲਈ ਸਮਾਂ ਰਹਿੰਦੇ ਉੱਚਿਤ ਪ੍ਰਬੰਧ ਨਹੀਂ ਕੀਤੇ ਜਾਂਦੇ ਜਿਸ ਨਾਲ ਇਹ ਭਿਆਨਕ ਬੀਮਾਰੀ ਕਈ ਲੋਕਾਂ ਨੂੰ ਆਪਣਾ ਸ਼ਿਕਾਰ ਬਣਾ ਲੈਂਦੀ ਹੈ।

**ਅਪਨੇ ਸਰੀਰ ਦੀ ਹਮੇਸ਼ਾਂ ਦੇਖਭਾਲ ਕਰੋ।**
**ਯਹ ਵਹ ਜਗਤ ਹੈ ਜਹਾਂ ਤੁਮਹੇ ਰਹਿਣਾ ਹੈ॥**

ਬਾਕੀ ਸਫਾ 5 ਦੀ

# ਖੇਤੀ ਨੀਤੀ ਦੇ ਖਰੜੇ ਵਿੱਚ ਮੰਡੀਕਰਨ ਨੂੰ ਸੋਧਣ ਦੀ ਲੋੜ

ਕੀਤੀ ਹੈ, ਪਰ ਉਸ ਲਈ ਮੁੱਢਲਾ ਢਾਂਚਾ ਅਤੇ ਸਾਇੰਸਦਾਨ ਕਿੱਥੋਂ ਅਤੇ ਕਿਵੇਂ ਆਉਂਣਗੇ। ਯਾਨੀ ਪੈਸੇ ਦੇ ਸਰੋਤ ਬਾਰੇ ਕੁਝ ਨਹੀਂ ਦੱਸਿਆ ਗਿਆ ਹੈ।

**ਕੋਆਪਰੇਟਿਵ ਸੋਸਾਇਟੀਆਂ** : ਇਸ ਦੇ ਨਾਲ ਹੀ ਪ੍ਰੋਗਰੈਸਿਵ ਫਾਰਮਰ ਸੋਸਾਇਟੀਆਂ (Progressive Farmer Socities) ਬਣਾਈਆਂ ਜਾਣਗੀਆਂ ਜੋ ਕਿ ਸਰਕਾਰੀ ਮੱਦਦ ਨਾਲ ਆਤਮ ਨਿਰਭਰ ਹੋਣਗੀਆਂ ਇਹਨਾਂ ਦਾ ਮੁੱਖ ਕੰਮ ਹੋਵੇਗਾ, ਕੁਆਲਿਟੀ ਦੀ ਪੈਦਾਵਾਰ ਕਰਾਉਂਣਾ ਅਤੇ ਉਸ ਨੂੰ ਪ੍ਰੋਸੈਸ ਕਰਕੇ ਉਸ ਦੀ ਗੁਣਵੱਤਾ ਵਧਾਉਣਾ। ਹੈਰਾਨੀ ਦੀ ਗੱਲ ਹੈ ਇਸ ਦੀ ਵਾਗਡੋਰ ਸਰਕਾਰੀ ਬੰਦਿਆਂ ਦੇ ਹੱਥ ਵਿਚ ਦੇ ਦਿੱਤੀ ਹੈ ਹਾਲਾਂਕਿ ਇਹ ਅਦਾਰੇ ਇਕੋ ਜੀ ਸੋਚ ਵਾਲੇ ਪੜ੍ਹੇ ਲਿਖੇ ਨੌਜਵਾਨਾਂ ਨੂੰ ਇਕੱਠੇ ਕਰਕੇ ਬਣਾਏ ਜਾਣੇ ਚਾਹੀਦੇ ਹਨ।

ਮਲਟੀ-ਪਰਪਸ ਕੋਆਪਰੇਟਿਵ ਸੋਸਾਇਟੀਆਂ (MPCS) ਪਹਿਲਾਂ ਵੀ ਪਿੰਡ ਪੱਧਰ 'ਤੇ ਚਲਦੀਆਂ ਹਨ ਜਿਨ੍ਹਾਂ ਦਾ ਕੰਮ ਸਮੇਂ ਨਾਲ ਸਿਰਫ ਖੇਤੀ ਪੈਦਾਵਾਰ ਲਈ ਯਾਨੀ ਰਸਾਇਣਕ ਖਾਦਾਂ ਅਤੇ ਕੀਟਨਾਸ਼ਕ ਖਰੀਦ ਕੇ ਦੇਣ ਦਾ ਹੀ ਰਹਿ ਗਿਆ ਹੈ। ਕੋਈ ਸਮਾਂ ਸੀ ਜਦੋਂ ਇਹਨਾਂ ਕੋਲੋਂ ਕੱਪੜੇ ਕਰਿਆਨਾ ਅਤੇ ਘਰੇਲੂ ਵਰਤੋਂ ਦਾ ਸਮਾਨ ਮਿਲ ਜਾਂਦਾ ਹੁੰਦਾ ਸੀ। ਇਹਨਾਂ ਦਾ ਪੁਨਰਗਠਨ ਕਰਕੇ ਸਮੇਂ ਦੇ ਹਾਣੀ ਬਣਾਉਣ ਦੀ ਲੋੜ ਹੈ। ਕਈ ਸੋਸਾਇਟੀਆਂ ਕੋਲ ਕਾਫੀ ਜਮਾ ਪੂੰਜੀ ਵੀ ਹੈ ਅਤੇ ਉਹ ਮੁਨਾਫੇ ਵਿਚ ਹਨ ਉਹਨਾਂ ਸੋਸਾਇਟੀਆਂ ਨੂੰ ਪ੍ਰੇਰਿਤ ਕਰਕੇ ਵੀ ਯੋਗਦਾਨ ਪਵਾਇਆ ਜਾ ਸਕਦਾ ਹੈ।



ਇਸ ਵਿਚ ਇਹ ਵੀ ਸੁਝਾਅ ਦਿੱਤਾ ਹੈ ਕਿ ਸੂਬਾ ਆਪਣਾ ਸਟੇਟ ਐਗਰੀਕਲਚਰ ਕਾਸਟ ਐਂਡ ਪ੍ਰਾਈਸ ਕਮਿਸ਼ਨ ਬਣਾਵੇ ਜੋ ਵੱਖ-ਵੱਖ ਫਸਲਾਂ ਦੀ ਐਮ ਐਸ ਪੀ ਤਹਿ ਕਰੇ। ਨਾਲ ਹੀ 1000 ਕਰੋੜ ਸਰਕਾਰ ਰੱਖੇ ਤਾਂ ਜੋ ਜੇ ਕਿਤੇ ਐਮ ਐਸ ਪੀ ਤੋਂ ਕੀਮਤ ਘਟਦੀ ਹੈ ਤਾਂ ਸਰਕਾਰ ਉਸਨੂੰ ਇਸ ਪੈਸੇ ਵਿੱਚੋਂ ਪੂਰਾ ਕਰ ਸਕੇ। ਇਸ ਦਾ ਫਾਇਦਾ ਤਾਂ ਹੀ ਜੇ ਐਮ ਐਸ ਪੀ ਨੂੰ ਕਾਨੂੰਨੀ ਮਾਨਤਾ ਮਿਲੇ।

**ਪੰਜਾਬ ਐਗਰੀ ਐਕਸਪੋਰਟ ਕਾਰਪੋਰੇਸ਼ਨ** : ਇਸ ਦੇ ਨਾਲ ਹੀ ਪੰਜਾਬ ਐਗਰੀ ਐਕਸਪੋਰਟ ਕਾਰਪੋਰੇਸ਼ਨ ਨੂੰ ਤਕੜਾ ਕੀਤਾ ਜਾਵੇ ਤਾਂ ਜੋ ਉਹ ਸਮੁੰਦਰ ਅਤੇ ਹਵਾਈ ਜਹਾਜ਼ਾਂ ਰਾਹੀਂ ਸਾਡੀ ਪੈਦਾਵਾਰ ਨੂੰ ਬਾਹਰ ਭੇਜੇ। ਇਹ ਬਹੁਤ ਚੰਗਾ ਸੁਝਾਓ ਹੈ ਇਸ ਨੂੰ ਕੋਸ਼ਿਸ਼ ਕਰਕੇ ਅੱਗੇ ਵਧਾਉਣਾ ਚਾਹੀਦਾ ਹੈ। ਇਸ ਦੇ ਨਾਲ ਹੀ ਪ੍ਰੋਸੈਸਡ ਭੋਜਨ ਲਈ ਪੰਜਾਬ ਫੂਡਜ਼ ਬ੍ਰਾਂਡ ਬਣਾਇਆ ਜਾਵੇ। ਹਾਲ ਹੀ ਵਿਚ ਪੰਜਾਬ ਐਗਰੀ ਐਕਸਪੋਰਟ ਕਾਰਪੋਰੇਸ਼ਨ ਨੇ ਫਾਈਵ ਰਿਵਰ ਬ੍ਰਾਂਡ ਲਈ ਬਰਗਰ, ਸੈਂਡਵਿਚ, ਪੈਟੀ ਆਦਿ ਸਪਲਾਈ ਕਰਨ ਵਾਸਤੇ ਤੇ ਐਨ ਜੀ ਓ ਅਤੇ ਸੈਲਫ ਹੈਲਪ ਗਰੁੱਪਾਂ ਵੱਲੋਂ ਦਿਲਚਸਪੀ ਦਾ ਪ੍ਰਗਟਾਵਾ ਮੰਗਿਆ ਹੈ। ਇਹ ਸਪਲਾਈ ਉਹ ਟਰਾਈ ਸਿਟੀ ਯਾਨੀ ਮੁਹਾਲੀ, ਚੰਡੀਗੜ੍ਹ, ਪੰਚਕੂਲਾ ਵਿਚ ਕਰਨੀ ਚਾਹੁੰਦੇ ਹਨ। ਇਸ ਵਿਚ ਪੈਕਿੰਜਿੰਗ ਪੰਜਾਬ ਐਗਰੋ ਸਪਲਾਈ ਕਰੇਗਾ, ਪਰ ਬਰਗਰ, ਸੈਂਡਵਿਚ, ਪੈਟੀ ਲਈ ਆਪਣੀ (ਰੈਸਿਪੀ) ਹੀ ਨਹੀਂ ਬਣਾਈ ਗਈ। ਯਾਨੀ ਕਿ ਜਿਹਨਾਂ ਨੇ ਸਪਲਾਈ ਕਰਨਾ ਹੈ ਉਹ ਆਪਣੀ ਰੈਸਿਪੀ ਭੇਜਣਗੇ ਜਿਹੜੀ ਚੰਗੀ ਲੱਗੇਗੀ ਤੇ ਕੀਮਤ ਘੱਟ ਹੋਵੇਗੀ ਉਹ ਚੁਣ ਲਈ ਜਾਵੇਗੀ। ਇਹ ਮਾਰਕੀਟਿੰਗ ਦੇ ਸਿਧਾਂਤ ਤੋਂ ਉਲਟ ਹੈ, ਹੋਣਾ ਚਾਹੀਦਾ ਸੀ ਕਿ ਪੰਜਾਬ ਐਗਰੀ ਐਕਸਪੋਰਟ ਕਾਰਪੋਰੇਸ਼ਨ ਆਪਣੀ ਰੈਸਿਟੀ ਮਾਰਕੀਟ ਦੇ ਅਧਾਰ ਤੇ ਬਣਵਾਉਂਦੀ ਫਿਰ ਉਸਨੂੰ ਪੇਟੈਂਟ ਕਰਵਾਉਂਦੀ ਅਤੇ ਫਿਰ ਇਹਨਾਂ ਨਾਲ ਟਾਈ ਅੱਪ ਕਰਦੀ ਕਿ ਤੁਸੀਂ ਇਸ ਨੂੰ ਬਣਾ ਕੇ ਬਣਾ ਕੇ ਕਿਸ ਕੀਮਤ ਤੇ ਸਾਨੂੰ ਦਿਓਗੇ। ਇਸ ਤਰ੍ਹਾਂ ਬਣਦੇ ਹਨ ਬ੍ਰਾਂਡ। ਤੁਸੀਂ ਬਹੁ ਰਾਸ਼ਟਰੀ (ਮਲਟੀ ਨੈਸ਼ਨਲ) ਨਾਲ ਕੰਪੀਟ ਕਰਨਾ ਹੈ ਘੱਟੋ ਘੱਟ ਉਹਨਾਂ ਦੀ ਨੀਤੀ (ਸਟਰੈਟਜੀ) ਤਾਂ ਸਮਝ ਲਓ।

**ਨਿਚੋੜ** : ਇਹ ਰਿਪੋਰਟ ਤਕਰੀਬਨ ਮੰਡੀਕਰਨ ਦਾ ਸਾਰਾ ਕੁਝ ਸਰਕਾਰ ਦੇ ਗਲ ਪਾਉਂਦੀ ਹੈ। ਜਦਕਿ ਸਰਕਾਰ ਦਾ ਰੋਲ ਸਿਖਲਾਈ, ਬਿਜਨਸ ਪਲੈਨ ਬਣਾਉਣਾ ਅਤੇ ਮਾਰਕੀਟਿੰਗ ਵਿਚ ਮਦਦ ਕਰਨਾ ਹੋਣਾ ਚਾਹੀਦਾ ਸੀ। ਇਹਨਾਂ ਕੁਝ ਕਰਨ ਲਈ ਸਰਕਾਰ ਕੋਲ ਨਾ ਬਜਟ, ਨਾ ਭਰੋਸੇਯੋਗ ਕਰਮਚਾਰੀ। ਇਸ ਨੂੰ ਲਾਗੂ ਕਰਨਾ ਅਜੇ ਕਿਤੇ ਦੂਰ ਤੱਕ ਨਜ਼ਰ ਨਹੀਂ ਆਉਂਦਾ ਹੈ। ਇਸ ਨੀਤੀ ਨੂੰ ਦੁਬਾਰਾ ਛੋਟੀ ਕਮੇਟੀ ਬਣਾ ਕੇ ਉਹ ਚੀਜ਼ਾਂ ਅੱਗੇ ਲਿਆਉਣ ਤੇ ਵਿਸਥਾਰ ਕਰਨ ਦੀ ਲੋੜ ਹੈ ਜੋ ਘੱਟ ਪੈਸਿਆਂ ਨਾਲ ਲਾਗੂ ਕੀਤੀਆਂ ਜਾ ਸਕਣ। ਕਮੇਟੀ ਵਿਚ ਪੰਜਾਬ ਦੀ ਹਕੀਕਤ ਤੋਂ ਜਾਣੂ ਨੌਜਵਾਨ ਮੰਡੀਕਰਨ ਦੇ ਮਾਹਿਰ ਪਾਏ ਜਾਣ।

# ਹਾੜ੍ਹੀ ਵਿੱਚ ਮਿਆਰੀ ਚਾਰਾ ਕਿਵੇਂ ਪੈਦਾ ਕਰੀਏ?

ਦਵਿੰਦਰ ਪਾਲ ਸਿੰਘ, ਰਬਿੰਦਰ ਸਿੰਘ ਸੋਹੂ, ਮਨਿੰਦਰ ਕੌਰ, ਚਾਰਾ ਅਤੇ ਮਿਲਟ ਸੈਕਸ਼ਨ

**ਪਸ਼ੂਆਂ ਦੀ ਸਿਹਤ ਨੂੰ ਠੀਕ ਰੱਖਣ ਲਈ ਅਤੇ ਇਹਨਾਂ ਤੋਂ ਬਹੁਤਾ ਅਤੇ ਸਸਤਾ ਦੁੱਧ ਲੈਣ ਲਈ ਸਾਰਾ ਸਾਲ 40-50 ਕਿਲੋ ਹਰਾ ਚਾਰਾ ਪ੍ਰਤੀ ਪਸ਼ੂ ਪ੍ਰਤੀ ਦਿਨ ਦੇਣਾ ਚਾਹੀਦਾ ਹੈ। ਇਸ ਵੇਲੇ 31 ਕਿਲੋ ਹਰਾ ਚਾਰਾ ਪ੍ਰਤੀ ਪਸ਼ੂ ਮਿਲ ਰਿਹਾ ਹੈ, ਜੋ ਕਿ ਬਹੁਤ ਘੱਟ ਹੈ। ਕਿਸਾਨ ਹੇਠ ਲਿਖੇ ਨੁਕਤੇ ਅਪਨਾ ਕੇ ਹਰੇ ਚਾਰਿਆਂ ਦਾ ਵੱਧ ਅਤੇ ਗੁਣਵੱਤਾ ਭਰਪੂਰ ਚਾਰਾ ਲੈ ਸਕਦੇ ਹਨ।**

## ਫਲੀਦਾਰ ਚਾਰੇ

**ਬਰਸੀਮ** : ਬੀ ਐੱਲ-1, ਬੀ ਐੱਲ-10, ਬੀ ਐੱਲ-42 ਅਤੇ ਬੀ ਐੱਲ-43 ਬਰਸੀਮ ਦੀਆਂ ਸੁਧਰੀਆਂ ਕਿਸਮਾਂ ਹਨ, ਜਿਨ੍ਹਾਂ ਦਾ ਔਸਤਨ ਝਾੜ ਕ੍ਰਮਵਾਰ 380,410, 440 ਅਤੇ 390 ਕੁਇੰਟਲ ਪ੍ਰਤੀ ਏਕੜ ਹੈ। ਬੀ ਐੱਲ-10 ਇਕ ਲੰਮਾਂ ਸਮਾਂ ਲੈਣ ਵਾਲੀ



ਕਿਸਮ ਹੈ ਅਤੇ ਬੀ ਐੱਲ-42 ਅਤੇ ਬੀ ਐੱਲ-43 ਗੁਣਵੱਤਾ ਪੱਖੋਂ ਵਧੀਆ ਕਿਸਮਾਂ ਹਨ। ਬਰਸੀਮ ਦੀ ਬਿਜਾਈ ਸਤੰਬਰ ਦੇ ਆਖਰੀ ਹਫਤੇ ਤੋਂ ਲੈ ਕੇ ਅਕਤੂਬਰ ਦੇ ਪਹਿਲੇ ਹਫਤੇ ਤੱਕ ਕੀਤੀ ਜਾ ਸਕਦੀ ਹੈ ਅਤੇ ਪ੍ਰਤੀ ਏਕੜ 8-10 ਕਿਲੋ ਬੀਜ ਕਾਫੀ ਹੈ। ਗੁਣਵੱਤਾ ਭਰਪੂਰ ਚਾਰਾ ਲੈਣ ਲਈ, ਬਰਸੀਮ ਦੇ ਬੀਜ ਨੂੰ 750 ਗ੍ਰਾਮ ਸਰ੍ਹੋਂ ਜਾਂ 12 ਕਿਲੋ ਜਵੀ ਜਾਂ 2-3 ਰਾਈ ਘਾਹ ਦੇ ਬੀਜ ਵਿੱਚ ਮਿਲਾ ਕੇ ਬੀਜੋ। ਬਿਜਾਈ ਤੋਂ ਪਹਿਲਾਂ, ਬਰਸੀਮ ਦੇ ਬੀਜ ਨੂੰ ਜੀਵਾਣੂੰ ਖਾਦ ਦਾ ਟੀਕਾ ਲਾਉਣਾ ਚਾਹੀਦਾ ਹੈ, ਜਿਸ ਲਈ ਇੱਕ ਏਕੜ ਦੇ ਬੀਜ ਨੂੰ ਪਾਣੀ ਵਿੱਚ ਭਿਉਂ ਲਉ। ਟੀਕੇ ਦਾ ਇੱਕ ਪੈਕਟ ਇਸ ਭਿੱਜੇ ਹੋਏ ਬੀਜ ਨਾਲ ਚੰਗੀ ਤਰ੍ਹਾਂ ਰਲਾ ਲਓ ਅਤੇ ਉਸ ਦਿਨ ਸ਼ਾਮ ਵੇਲੇ ਛੱਟਾ ਖੜੇ ਪਾਣੀ ਵਿੱਚ ਦਿਓ ਜੋ ਸੂਰਜ ਦੀ ਧੁੱਪ ਨਾਲ ਟੀਕੇ ਦਾ ਅਸਰ ਜ਼ਾਇਆ ਨਾ ਹੋ ਜਾਵੇ। ਬਿਜਾਈ ਸਮੇਂ 6 ਟਨ ਰੂੜ੍ਹੀ ਦੀ ਖਾਦ ਅਤੇ 20 ਕਿਲੋ ਫਾਸਫੋਰਸ ਤੱਤ (125 ਕਿਲੋ ਸੁਪਰਫਾਸਫੇਟ) ਪ੍ਰਤੀ ਏਕੜ ਦੇ ਹਿਸਾਬ ਨਾਲ ਵਰਤੋ। ਜੇਕਰ ਦੇਸੀ ਰੂੜ੍ਹੀ ਦੀ ਵਰਤੋਂ ਨਾ ਕੀਤੀ ਗਈ ਹੋਵੇ ਤਾਂ 10 ਕਿਲੋ ਨਾਈਟਰੋਜਨ ਤੱਤ (22 ਕਿਲੋ ਯੂਰੀਆ ਅਤੇ 30 ਕਿਲੋ ਫਾਸਫੋਰਸ ਤੱਤ (185 ਕਿਲੋ ਸੁਪਰਫਾਸਫੇਟ) ਪ੍ਰਤੀ ਏਕੜ ਵਰਤੋ। ਜਿੱਥੇ ਬਰਸੀਮ ਵਿੱਚ ਰਾਈ ਘਾਹ ਮਿਲਾ ਕੇ ਬੀਜਿਆ ਹੋਵੇ, 10 ਕਿਲੋ ਨਾਈਟਰੋਜਨ ਪ੍ਰਤੀ ਏਕੜ(22 ਕਿਲੋ ਯੂਰੀਆ ਖਾਦ) ਹਰ ਕਟਾਈ ਮਗਰੋਂ ਪਾਉ।

ਮੈਗਨੀਜ਼ ਦੀ ਘਾਟ ਆਮ ਤੌਰ ਤੇ ਹਲਕੀਆਂ ਰੇਤਲੀਆਂ ਜ਼ਮੀਨਾਂ ਵਿੱਚ ਆਉਂਦੀ ਹੈ, ਜਿੱਥੇ ਬਰਸੀਮ ਝੋਨੇ ਪਿੱਛੋਂ ਬੀਜਿਆ ਜਾਵੇ। ਇਸ ਲਈ 0.5% ਮੈਗਨੀਜ਼ ਸਲਫੇਟ (ਇਕ ਕਿਲੋ ਮੈਗਨੀਜ਼ ਸਲਫੇਟ 200 ਲਿਟਰ ਪਾਣੀ ਵਿੱਚ) ਦਾ ਘੋਲ ਧੁੱਪ ਵਾਲੇ ਦਿਨ ਹਫਤੇ ਦੇ ਫਰਕ ਨਾਲ ਦੋ ਤਿੰਨ ਵਾਰ ਛਿੜਕੋ। ਇਹ ਛਿੜਕਾਅ ਕਟਾਈ ਕਰਨ ਤੋਂ 2 ਹਫਤੇ ਬਾਅਦ ਕਰੋ।

ਜਿਨ੍ਹਾਂ ਖੇਤਾਂ ਵਿੱਚ ਇਟਸਿੱਟ ਦੀ ਸਮੱਸਿਆ ਹੋਵੇ ਉੱਥੇ ਬਰਸੀਮ ਵਿੱਚ ਰਾਇਆ ਰਲਾ ਕੇ ਬੀਜੋ। ਰਾਇਆ ਦੀ ਫਸਲ ਛੇਤੀ ਵਧਦੀ ਹੈ ਅਤੇ ਇਹ ਨਦੀਨਾਂ ਦੇ ਦੱਬ ਲੈਂਦੀ ਹੈ। ਜਿੱਥੇ ਇਸ ਨਦੀਨ ਦੀ ਸਮੱਸਿਆ ਵਧੇਰੇ ਹੋਵੇ ਉੱਥੇ ਬਿਜਾਈ ਅਕਤੂਬਰ ਦੇ ਦੂਜੇ ਹਫਤੇ ਤੱਕ ਪਛੇਤੀ ਕਰੋ ਕਿਉਂਕਿ ਉਸ ਵੇਲੇ ਤਾਪਮਾਨ ਘਟਣ ਕਾਰਨ ਇਹ ਨਦੀਨ ਘੱਟ ਉੱਗਦਾ ਹੈ।

ਪਹਿਲਾ ਪਾਣੀ ਹਲਕੀਆਂ ਜ਼ਮੀਨਾਂ ਵਿੱਚ 3-5 ਦਿਨਾਂ ਪਿਛੋਂ ਅਤੇ ਭਾਰੀਆਂ ਜ਼ਮੀਨਾਂ ਵਿੱਚ 6-8 ਦਿਨਾਂ ਪਿੱਛੋਂ ਦੇਣਾ ਜ਼ਰੂਰੀ ਹੈ। ਇਸ ਤੋਂ ਬਾਅਦ ਵਾਲੇ ਪਾਣੀ ਗਰਮੀਆਂ ਵਿੱਚ 8-10 ਦਿਨਾਂ ਪਿੱਛੋਂ ਅਤੇ ਸਰਦੀਆਂ ਵਿੱਚ 10-15 ਦਿਨਾਂ ਜ਼ਮੀਨਾਂ ਅਤੇ ਮੌਸਮ ਅਨੁਸਾਰ ਦਿੰਦੇ ਰਹਿਣਾ ਚਾਹੀਦਾ ਹੈ।

ਬਰਸੀਮ ਦਾ ਪਹਿਲਾ ਲੌਅ ਬਿਜਾਈ ਤੋਂ ਤਕਰੀਬਨ 50 ਦਿਨਾਂ ਪਿਛੋਂ ਤਿਆਰ ਹੋ ਜਾਂਦਾ ਹੈ ਅਤੇ ਉਸ ਪਿਛੋਂ ਸਰਦੀਆਂ ਵਿੱਚ 40 ਦਿਨਾਂ ਪਿਛੋਂ ਅਤੇ ਬਾਅਦ ਵਿੱਚ 30 ਦਿਨਾਂ ਦੇ ਵਕਫੇ ਤੇ ਲੌਅ ਲਏ ਜਾ ਸਕਦੇ ਹਨ। ਬਰਸੀਮ ਦਾ ਮਾਰਚ ਅਤੇ ਅਪ੍ਰੈਲ ਵਿੱਚ ਬਹੁਤ ਵਾਧਾ ਹੁੰਦਾ ਹੈ, ਇਸ ਸਮੇਂ ਬਰਸੀਮ ਦੇ ਵਾਧੂ ਚਾਰੇ ਨੂੰ ਸੁੱਕਾ ਕੇ (ਹੇਅ ਬਣਾ ਕੇ) ਸਾਂਭਿਆ ਜਾ ਸਟੋਰ ਕੀਤਾ ਜਾ ਸਕਦਾ ਹੈ, ਜੋ ਹਰੇ ਚਾਰੇ ਦੀ ਘਾਟ ਵੇਲੇ (ਮਈ, ਜੂਨ) ਵਿੱਚ ਪਸ਼ੂਆਂ ਨੂੰ ਖਵਾਇਆ ਜਾ ਸਕਦਾ ਹੈ।

ਬਰਸੀਮ ਵਿੱਚ ਤਣੇ ਦਾ ਗਲਣਾ ਇੱਕ ਅਜਿਹਾ ਅਹਿਮ ਰੋਗ ਹੈ ਜੋ ਇੱਕ ਉੱਲੀ ਕਰਕੇ ਹੁੰਦਾ ਹੈ ਜਿਹੜੀ ਜ਼ਮੀਨ ਵਿੱਚੋਂ ਤਣੇ ਦੇ ਹੇਠਲੇ ਹਿੱਸੇ ਉੱਤੇ ਹਮਲਾ ਕਰਦੀ ਹੈ, ਜਿਸ ਕਾਰਨ ਤਣਾ ਗਲ ਜਾਂਦਾ ਹੈ। ਇਹ ਬਿਮਾਰੀ ਬੀਜ ਅਤੇ ਮਿੱਟੀ ਰਾਹੀਂ ਫੈਲਦੀ ਹੈ। ਇਸ ਲਈ ਬਰਸੀਮ ਦਾ ਬੀਜ ਬਿਮਾਰੀ ਰਹਿਤ ਫਸਲ ਤੋਂ ਹੀ ਲੈਣਾ ਚਾਹੀਦਾ ਹੈ। ਬਿਮਾਰੀ ਵਾਲੇ ਖੇਤ ਨੂੰ ਗਰਮੀਆਂ ਵਿੱਚ ਭਰਵਾਂ ਪਾਣੀ ਦੇਣਾ ਚਾਹੀਦਾ ਹੈ ਤਾਂ ਕਿ ਜ਼ਮੀਨ ਵਿੱਚ ਉੱਲੀ ਦੇ ਕਣ ਨਸ਼ਟ ਹੋ ਜਾਣ। ਜੇਕਰ ਫਿਰ ਵੀ ਫਸਲ ਨੂੰ ਬਿਮਾਰੀ ਲੱਗ ਜਾਵੇ ਤਾ ਫਸਲ ਨੂੰ ਛੇਤੀ ਕੱਟੋ ਅਤੇ ਕੱਟਣ ਪਿੱਛੋਂ ਖੇਤ ਨੂੰ ਧੁੱਪ ਲੱਗਣ ਦਿਓ। ਬੁਰੀ ਤਰ੍ਹਾਂ ਬਿਮਾਰੀ ਵਾਲੇ ਖੇਤ ਵਿੱਚ ਤਿੰਨ ਚਾਰ ਸਾਲ ਬਰਸੀਮ ਦੀ ਫਸਲ ਨਾ ਬੀਜੋ।

**ਸ਼ਫਤਲ** : ਸ਼ਫਤਲ ਦੀ ਸੁਧਰੀ ਕਿਸਮ ਸ਼ਫਤਲ-69 ਹੈ, ਜਿਸ ਦਾ ਹਰੇ ਚਾਰੇ ਦਾ ਝਾੜ 390 ਕੁਇੰਟਲ ਪ੍ਰਤੀ ਏਕੜ ਹੈ। ਸ਼ਫਤਲ ਦੀ ਬਿਜਾਈ ਦਾ ਢੁਕਵਾਂ ਸਮਾਂ ਸਤੰਬਰ ਦੇ ਆਖਰੀ ਹਫਤੇ ਤੋਂ ਅਕਤੂਬਰ ਦਾ ਪਹਿਲਾ ਹਫਤਾ ਹੈ। ਸ਼ਫਤਲ ਦੀ ਬਿਜਾਈ ਲਈ 4-5 ਕਿਲੋ ਬੀਜ ਪ੍ਰਤੀ ਏਕੜ ਵਰਤੋ। ਬਿਜਾਈ ਖੜੇ ਪਾਣੀ ਵਿੱਚ ਛੱਟਾ ਦੇ ਕੇ ਕੀਤੀ ਜਾ ਸਕਦੀ ਹੈ ਜਾਂ ਫਿਰ ਸੁੱਕੀ ਜ਼ਮੀਨ ਵਿੱਚ ਚੰਗੀ ਤਰ੍ਹਾਂ ਤਿਆਰੀ ਕਰਕੇ, ਬੀਜ ਦਾ ਛੱਟਾ ਦਿਓ। ਬਾਅਦ ਵਿੱਚ ਰੇਕ ਨਾਲ ਬੀਜ ਰਲਾਓ ਅਤੇ ਮਗਰੋਂ ਉਸੇ ਵਕਤ ਪਾਣੀ ਦਿਓ। ਵਧੇਰੇ ਅਤੇ ਚੰਗਾ ਚਾਰਾ ਲੈਣ ਲਈ ਸ਼ਫਤਲ ਨੂੰ ਸਰ੍ਹੋਂ (750 ਗ੍ਰਾਮ), ਜਵੀ (12 ਕਿਲੋ) ਜਾਂ ਰਾਈ ਘਾਹ (2-



3 ਕਿਲੋ) ਪ੍ਰਤੀ ਏਕੜ ਰਲਾ ਕੇ ਬੀਜਿਆ ਜਾ ਸਕਦਾ ਹੈ। ਜੇ ਸ਼ਫਤਲ ਵਿੱਚ ਰਾਈ ਘਾਹ ਬੀਜਿਆ ਗਿਆ ਹੋਵੇ, ਉਨ੍ਹਾਂ ਖੇਤਾਂ ਵਿੱਚ ਹਰ ਲੌਅ ਪਿਛੋਂ 5 ਕਿਲੋ ਨਾਈਟਰੋਜਨ (11 ਕਿਲੋ ਯੂਰੀਆ) ਪ੍ਰਤੀ ਏਕੜ ਦੇ ਹਿਸਾਬ ਨਾਲ ਪਾਓ। ਪਹਿਲਾ ਪਾਣੀ ਬਿਜਾਈ ਤੋਂ 6 ਦਿਨਾਂ 8 ਦਿਨਾਂ ਪਿਛੋਂ ਲਾਓ ਅਤੇ ਅਗਲਾ ਪਾਣੀ ਗਰਮੀਆਂ ਵਿੱਚ 8-10 ਦਿਨਾਂ ਪਿਛੋਂ ਅਤੇ ਸਰਦੀਆਂ ਵਿੱਚ 10-50 ਦਿਨਾਂ ਪਿਛੋਂ ਲਾਓ। ਸ਼ਫਤਲ ਦੀ ਪਹਿਲੀ ਕਟਾਈ, ਬਿਜਾਈ ਤੋਂ 55 ਦਿਨਾਂ ਦੇ ਪਿਛੋਂ ਅਤੇ ਅਗਲੀਆਂ ਕਟਾਈਆਂ 30 ਦਿਨਾਂ ਦੇ ਵਕਫੇ ਤੇ ਲਓ। ਸ਼ਫਤਲ ਦੇ ਚਾਰੇ ਨੂੰ ਤੂੜੀ ਨਾਲ (1:1) ਦੇ ਅਨੁਪਾਤ ਨਾਲ ਮਿਲਾ ਕੇ ਪਸ਼ੂਆਂ ਨੂੰ ਖਿਲਾਉਣਾ ਚਾਹੀਦਾ ਹੈ।

**ਲੂਸਣ** : ਐਲ. ਐੱਲ ਕੰਪਾਜ਼ਿਟ-5, ਲੂਸਣ ਦੀ ਇਕ ਸਿੱਧੀ ਅਤੇ ਛੇਤੀ ਵਧਣ ਵਾਲੀ ਕਿਸਮ ਹੈ, ਜਿਸ ਦੇ ਲੌਅ ਜੁਲਾਈ ਦੇ ਪਹਿਲੇ ਹਫਤੇ ਤੱਕ ਲਏ ਜਾ ਸਕਦੇ ਹਨ ਅਤੇ ਇਹ ਪ੍ਰਤੀ ਏਕੜ 280 ਕੁਇੰਟਲ ਚਾਰਾ ਦਿੰਦੀ ਹੈ। ਲੂਸਣ ਦੀ ਬਿਜਾਈ ਲਈ ਅੱਧ ਅਕਤੂਬਰ ਸਭ ਤੋਂ ਚੰਗਾ ਸਮਾਂ ਹੈ। ਬਿਜਾਈ ਲਈ 6-8 ਕਿਲੋ ਬੀਜ ਨੂੰ ਡਰਿੱਲ ਨਾਲ ਬੀਜੋ। ਲਾਈਨਾਂ ਵਿਚਕਾਰ ਫਾਸਲਾ 30 ਸੈਂਟੀਮੀਟਰ ਰੱਖੋ ਅਤੇ ਬੀਜ ਚੰਗੀ ਵੱਤਰ ਵਿੱਚ 2-4 ਸੈਂਟੀਮੀਟਰ ਵਿੱਚ ਡੂੰਘਾ ਬੀਜੋ। ਖੇਤ ਵਿਚ 10 ਕਿਲੋ ਨਾਈਟਰੋਜਨ (22 ਕਿਲੋ ਯੂਰੀਆ) ਅਤੇ 32 ਕਿਲੋ ਫਾਸਫੋਰਸ (2 ਕੁਇੰਟਲ ਸੁਪਰਫਾਸਫੇਟ) ਪ੍ਰਤੀ ਏਕੜ ਬਿਜਾਈ ਸਮੇਂ ਪਾਓ। ਲੂਸਣ ਦੇ ਬੀਜ ਦੀ ਬਿਜਾਈ ਸਮੇਂ ਰਾਈਜ਼ੋਬੀਅਮ ਦੇ ਟੀਕੇ ਨਾਲ ਸੋਧ ਕਰੋ। ਇਸ ਨਾਲ ਖੇਤ ਵਿੱਚੋ ਵੱਧ ਚਾਰਾ ਮਿਲਦਾ ਹੈ ਜੋ ਪੌਸ਼ਟਿਕ ਵੀ ਹੁੰਦਾ ਹੈ ਜੋ ਖੇਤ ਵਿੱਚ ਧੌੜੀਆਂ ਵਿੱਚ ਦਿਸਦੀ ਹੈ। ਇਸ ਲਈ ਬਿਮਾਰੀ ਵਾਲੇ ਬੂਟਿਆਂ ਨੂੰ ਸੁਕਾ ਕੇ ਨਸ਼ਟ ਕਰ ਦੇਣਾ ਚਾਹੀਦਾ ਹੈ।

ਪਹਿਲਾ ਪਾਣੀ ਬਿਜਾਈ ਤੋਂ 1 ਮਹੀਨੇ ਪਿਛੋਂ ਦੇਣਾ ਚਾਹੀਦਾ ਹੈ ਪਰ ਇਸ ਤੋਂ ਬਾਅਦ ਵਾਲੇ ਪਾਣੀ 15-30 ਦਿਨਾਂ ਦੇ ਵਕਫੇ ਤੇ ਮੌਸਮ ਅਨੁਸਾਰ ਦਿੰਦੇ ਰਹਿਣਾ ਚਾਹੀਦਾ ਹੈ। ਫਸਲ ਬਿਜਾਈ ਤੋਂ 75 ਦਿਨਾਂ ਬਾਅਦ ਪਹਿਲੀ ਕਟਾਈ ਲਈ ਤਿਆਰ ਹੋ ਜਾਂਦੀ ਹੈ ਅਤੇ ਬਾਕੀ ਲੌਅ 30 ਤੋਂ 40 ਦਿਨਾਂ ਦੇ ਵਕਫੇ ਤੇ ਲਏ ਜਾ ਸਕਦੇ ਹਨ।

**ਸੇਂਜੀ** : ਸੇਂਜੀ ਦੀ ਕਿਸਮ ਵਾਈ. ਐਸ ਐੱਲ-106, ਪੀਲੇ ਫੁੱਲਾਂ ਵਾਲੀ ਕਿਸਮ ਹੈ, ਜਿਸ ਦੀ ਬਿਜਾਈ ਅਖੀਰ ਸਤੰਬਰ ਤੋਂ ਲੈ ਕੇ ਅਖੀਰ ਅਕਤੂਬਰ ਤੱਕ ਹੋ ਸਕਦੀ ਹੈ। ਇਸ ਨੂੰ ਨਰਮ ਅਤੇ ਮੱਕੀ ਦੀਆਂ ਖੜੀਆਂ ਫਸਲਾਂ ਦੇ ਵਿੱਚ ਸਤੰਬਰ ਦਾ ਦੂਜੇ ਅਤੇ ਤੀਜੇ ਹਫਤੇ ਵਿੱਚ ਵੀ ਬੀਜਿਆ ਜਾ ਸਕਦਾ ਹੈ। ਸੇਂਜੀ ਦੀ ਦੂਜੀ ਕਿਸਮ ਸੇਂਜੀ ਸਫੇਦ-76, ਚਿੱਟੇ ਫੁੱਲਾਂ ਵਾਲੀ ਕਿਸਮ ਹੈ, ਜਿਸ ਨੂੰ ਨਵੰਬਰ ਦੇ ਦੂਜੇ ਪੰਦਰਵਾੜੇ ਵਿੱਚ ਬੀਜਿਆ ਜਾ ਸਕਦਾ ਹੈ। ਸੇਂਜੀ ਦੀਆਂ ਦੋਵੇਂ ਕਿਸਮਾਂ ਦਾ ਝਾੜ 128 ਕੁਇੰਟਲ ਪ੍ਰਤੀ ਏਕੜ ਹੈ। ਇੱਕ ਏਕੜ ਦੀ ਬਿਜਾਈ ਲਈ ਸੇਂਜੀ ਦਾ 15 ਕਿਲੋ ਬੀਜ ਵਰਤੋ। ਸੇਂਜੀ ਛੱਟੇ ਨਾਲ ਬੀਜ ਕੇ ਮਿੱਟੀ ਵਿੱਚ ਰਲਾ ਦਿਓ। ਸੇਂਜੀ ਵਾਸਤੇ 2-3 ਪਾਣੀ ਕਾਫੀ ਹੁੰਦੇ ਹਨ। ਬਿਜਾਈ ਸਮੇਂ 25 ਕਿਲੋ ਫਾਸਫੋਰਸ (155 ਕਿਲੋ ਸੁਪਰਫਾਸਫੇਟ) ਪਾਓ। ਜਦੋਂ ਫਸਲ ਨੂੰ ਫੁੱਲ ਪੈ ਜਾਣ ਤਾਂ ਚਾਰੇ ਲਈ ਕੱਟ ਲਓ।

## ਗੈਰ-ਫਲੀਦਾਰ ਚਾਰੇ

**ਜਵੀ** : ਜਵੀ ਦੀਆਂ ਇਕ ਕਟਾਈ ਦੇਣ ਵਾਲੀਆਂ ਸੁਧਰੀਆਂ ਕਿਸਮਾਂ ਓ ਐੱਲ-12 ਅਤੇ 11 ਤੋਂ ਕਿਸਾਨ ਵੀਰ 245 ਤੋਂ 258 ਕੁਇੰਟਲ ਤੱਕ ਹਰਾ ਚਾਰਾ ਪ੍ਰਤੀ ਏਕੜ ਲੈ ਸਕਦੇ ਹਨ। ਇਸੇ ਤਰ੍ਹਾਂ 1 ਜਾਂ 2 ਕਟਾਈਆਂ ਦੇਣ ਵਾਲੀਆਂ ਕਿਸਮਾਂ ਓ ਐੱਲ-10, ਓ ਐੱਲ-9 ਅਤੇ ਕੈਂਟ 210 ਤੋਂ 275 ਕੁਇੰਟਲ ਹਰਾ ਚਾਰਾ ਦਿੰਦੀਆਂ ਹਨ। ਜਵੀ ਦੀ ਬਿਜਾਈ ਦਾ ਢੁੱਕਵਾਂ ਸਮਾਂ ਅਕਤੂਬਰ ਦੇ ਦੂਜੇ ਤੋਂ ਅਖੀਰਲੇ ਹਫਤੇ ਤੱਕ ਹੈ। ਬਿਜਾਈ ਲਈ ਕਿਸਾਨ ਵੀਰ 25 ਕਿਲੋ ਬੀਜ ਪ੍ਰਤੀ ਏਕੜ ਵਰਤ ਸਕਦੇ ਹਨ, ਜਿਸ ਦਾ



ਸਿਆੜਾਂ ਵਿੱਚ ਕੇਰਾ ਕੀਤਾ ਜਾ ਸਕਦਾ ਹੈ। ਸਿਆੜਾਂ ਵਿੱਚ ਫਾਸਲਾ 20 ਸੈਂਟੀਮੀਟਰ ਹੋਣਾ ਚਾਹੀਦਾ ਹੈ। ਖੇਤ ਵਿੱਚ ਬਿਜਾਈ ਦੋ ਪਾਸੇ ਕਰਨ ਨਾਲ 10-15 ਪ੍ਰਤੀਸ਼ਤ ਵੱਧ ਝਾੜ ਲਿਆ ਜਾ ਸਕਦਾ ਹੈ। ਜਵੀ ਦੀ ਬਿਜਾਈ ਬਾਸਮਤੀ ਤੋਂ ਬਾਅਦ ਬਿਨਾਂ ਵਾਹੇ ਜ਼ੀਰੋ ਟਿੱਲ ਡਰਿੱਲ ਨਾਲ ਵੀ ਕੀਤੀ ਜਾ ਸਕਦੀ ਹੈ। ਜਵੀ ਦੀ ਇਕ ਕਟਾਈ ਲੈਣ ਲਈ 15 ਕਿਲੋ ਨਾਈਟਰੋਜਨ (33 ਕਿਲੋ ਯੂਰੀਆ) ਅਤੇ 8 ਕਿਲੋ ਫਾਸਫੋਰਸ (50 ਕਿਲੋ ਸਿੰਗਲ ਸੁਪਰਫਾਸਫੇਟ) ਪ੍ਰਤੀ ਏਕੜ ਬੀਜਣ ਸਮੇਂ ਪਾਉਣਾ ਚਾਹੀਦਾ ਹੈ। ਬਿਜਾਈ ਤੋਂ 30-40 ਦਿਨਾਂ ਬਾਅਦ 15 ਕਿਲੋ ਨਾਈਟਰੋਜਨ (33 ਕਿਲੋ ਯੂਰੀਆ) ਹੋਰ ਪਾਓ। ਦੋ ਲੌਅ ਦੇਣ ਵਾਲੀ ਜਵੀ ਦੀ ਪਹਿਲੀ ਕਟਾਈ ਨੂੰ ਇਕ ਕਟਾਈ ਵਾਸਤੇ ਸਿਫਾਰਿਸ਼ ਕੀਤੀਆਂ ਖਾਦਾਂ ਪਾਓ। ਦੂਜੀ ਕਟਾਈ ਲਈ ਲੈਣ ਲਈ 20 ਕਿਲੋਂ ਨਾਈਟਰੋਜਨ (44 ਕਿਲੋ ਯੂਰੀਆ) ਪ੍ਰਤੀ ਏਕੜ ਜਵੀ ਦੇ ਫੁਟਾਰੇ ਤੋਂ ਬਾਅਦ ਪਾਓ। ਖੇਤ ਵਿੱਚ ਜ਼ਿਆਦਾ ਨਾਈਟਰੋਜਨ ਖਾਦ ਪਾਉਣ ਨਾਲ ਚਾਰੇ ਵਿੱਚ ਨਾਈਟਰੇਟ ਤੱਤ ਦਾ ਵਾਧਾ ਹੁੰਦਾ ਹੈ, ਜਿਹੜਾ ਪਸ਼ੂਆਂ ਵਾਸਤੇ ਬਹੁਤ ਨੁਕਸਾਨਦੇਹ ਹੈ। ਜਵੀ ਨੂੰ 3-4 ਹਫਤਿਆਂ ਦੇ ਵਕਫੇ ਤੇ ਪਾਣੀ ਲਾਉਣਾ ਚਾਹੀਦਾ ਹੈ ਅਤੇ ਰੌਣੀ ਸਮੇਤ ਕੁੱਲ 3-4 ਪਾਣੀ ਕਾਫੀ ਹਨ। ਫਸਲ ਦੀ ਕਟਾਈ ਦਾ ਸਮਾਂ ਬਹੁਤ ਮਹੱਤਵਪੂਰਨ ਹੈ। ਚਾਰੇ ਦੀ ਅਗੇਤੀ ਕਟਾਈ ਨਾਲ ਚਾਰੇ ਦਾ ਝਾੜ ਘਟਦਾ ਹੈ ਅਤੇ ਚਾਰੇ ਵਿੱਚ ਨਾਈਟਰੇਟ ਤੱਤ ਦਾ ਵਾਧਾ ਹੁੰਦਾ ਹੈ। ਚਾਰੇ ਦੀ ਪਿਛੇਤੀ ਕਟਾਈ ਕਰਨ ਨਾਲ ਚਾਰੇ ਵਿੱਚ ਰੇਸ਼ੇ ਦੀ ਮਾਤਰਾ ਬਹੁਤ ਹੋ ਜਾਂਦੀ ਹੈ ਅਤੇ ਪਸ਼ੂ ਨੂੰ ਚਾਰਾ ਪੂਰੀ ਤਰ੍ਹਾਂ ਹਜ਼ਮ ਨਹੀਂ ਹੁੰਦਾ। ਚਾਰੇ ਦੀ ਪਿਛੇਤੀ ਕਟਾਈ ਕਰਨ ਨਾਲ ਚਾਰੇ ਵਿੱਚ ਰੇਸ਼ੇ ਦੀ ਮਾਤਰਾ ਬਹੁਤ ਹੋ ਜਾਂਦੀ ਹੈ ਅਤੇ ਪਸ਼ੂ ਨੂੰ ਚਾਰਾ ਪੂਰੀ ਤਰ੍ਹਾਂ ਹਜ਼ਮ ਨਹੀਂ ਹੁੰਦਾ ਹੈ। ਫਸਲ ਦੀ ਕਟਾਈ ਗੋਭ ਵਿੱਚ ਸਿੱਟਾ ਬਣਨ ਤੋਂ ਲੈ ਕੇ ਦੁਧੀਆ ਦਾਣਿਆਂ ਦੀ ਹਾਲਤ ਵਿੱਚ

ਬਾਕੀ ਸਫਾ 12 'ਤੇ

# ਪਸ਼ੂਆਂ ਵਿੱਚ ਹਲਕਾਅ ਅਤੇ ਬਚਾਅ ਬਾਰੇ ਜਾਣਕਾਰੀ

ਡਾ. ਵਿਸ਼ਾਲ ਦਾਸ, ਬੀ. ਵੀ. ਐਸ. ਸੀ. ਐਂਡ ਏ. ਐੱਚ. ਕੇਸੀਵਾਸ, ਗਡਵਾਸੂ (ਲੁਧਿਆਣਾ)



ਹਲਕਾਅ ਇਕ ਘਾਤਕ ਵਿਸ਼ਾਣੂ ਰੋਗ ਹੈ। ਜਿਹੜਾ ਇਕ ਵਾਇਰਸ ਤੋਂ ਹੁੰਦਾ ਹੈ, ਇਸ ਵਾਇਰਸ ਨੂੰ ਲਾਈਸਾ ਵਾਇਰਸ ਕਿਹਾ ਜਾਂਦਾ ਹੈ, ਜੋ ਕਿ ਹਲਕੇ ਕੁੱਤੇ, ਨਿਊਲੇ ਆਦਿ ਦੇ ਕੱਟਣ ਨਾਲ ਹੁੰਦਾ ਹੈ। ਇਸ ਰੋਗ ਦੇ ਵਿਸ਼ਾਣੂ ਜ਼ਖਮ ਵਿਚ ਕੁਝ ਦੇਰ ਲਈ ਬੇ-ਹਰਕਤ ਹੋ ਜਾਂਦੇ ਹਨ। ਚਮੜੀ ਵਿਚ ਬੇ-ਹਰਕਤ ਰਹਿਣ ਤੋਂ ਬਾਅਦ ਵਿਸ਼ਾਣੂ ਨਸਾਂ ਦੇ ਵਿਚੋਂ ਦੀ ਹੁੰਦੇ ਹੋਏ ਦਿਮਾਗ ਵਿਚ ਪਹੁੰਚ ਜਾਂਦੇ ਹਨ ਅਤੇ ਦਿਮਾਗ ਵਿਚ ਤੰਤੂਆਂ ਨੂੰ ਮਾਰ ਦਿੰਦੇ ਹਨ, ਜਿਸ ਤੋਂ ਬਾਅਦ ਜਾਨਵਰ ਵਿਚ ਹਲਕਾਅ ਦੀਆਂ ਨਿਸ਼ਾਨੀਆਂ ਪੈਦਾ ਹੋ ਜਾਂਦੀਆਂ ਹਨ। ਹਲਕਿਆਂ ਜਾਨਵਰ ਜਿੰਨਾ ਦਿਮਾਗ ਦੇ ਨੇੜੇ ਵੱਢਦਾ ਹੈ, ਓਨਾ ਹੀ ਜਲਦੀ ਹਲਕਾਅ ਹੁੰਦਾ ਹੈ। ਜਿਵੇਂ ਕਿ ਮੂੰਹ ਦੇ ਨੇੜੇ ਮੋਢਿਆਂ ਉੱਤੇ, ਪਸ਼ੂਆਂ ਵਿਚ ਜੋ ਕਿ ਹਲਕੇ ਜਾਨਵਰਾਂ ਤੋਂ ਬਚਣ ਦੀ ਕੋਸ਼ਿਸ਼ ਕਰਦੇ ਹਨ, ਹਮੇਸ਼ਾਂ ਮੂੰਹ ਜਾਂ ਨਾਸਾਂ ਉੱਪਰ ਹਲਕਾਏ ਜਾਨਵਰ ਵੱਢਦੇ ਹਨ। ਦਿਮਾਗ ਵਿਚੋਂ ਫਿਰ ਵਿਸ਼ਾਣੂ, ਨਸਾਂ ਦੇ ਵਿਚੋਂ ਦੀ ਥੁੱਕ ਜਾਂ ਲਾਰ, ਅੱਥਰੂ ਅਤੇ ਦੁੱਧ ਵਾਲੀ ਗ੍ਰੰਥੀ ਵਿਚ ਪਹੁੰਚ ਜਾਂਦੇ ਹਨ ਅਤੇ ਵਿਸ਼ਾਣੂ ਥੁੱਕ ਜਾਂ ਲਾਰ, ਦੁੱਧ ਅਤੇ ਅੱਥਰੂਆਂ ਵਿੱਚ ਆਉਣ ਲੱਗ ਜਾਂਦੇ ਹਨ। ਇਸ ਕਰਕੇ ਥੁੱਕ ਜਾਂ ਲਾਰ ਜ਼ਖਮ 'ਤੇ ਲੱਗਣ ਕਰਕੇ ਵੀ ਹਲਕਾਅ ਹੋ ਜਾਂਦਾ ਹੈ।

### ਕੁੱਤਿਆਂ 'ਚ ਲੱਛਣ

★ ਖਾਣਾ ਛੱਡ ਦਿੰਦੇ ਹਨ, ★ ਥੋੜਾ ਬੁਖਾਰ ਅਤੇ ਇਕਦਮ ਸੁਭਾਅ ਵਿਚ ਅੰਦਰ ਆ ਜਾਂਦਾ ਹੈ, ★ ਮੂੰਹ ਵਿਚੋਂ ਝੱਗ ਵਗਣ ਲੱਗਦੀ ਹੈ, ★ ਲੱਕੜ, ਇੱਟਾਂ ਦੇ ਟੁਕੜੇ ਖਾਣ ਲੱਗ ਜਾਂਦਾ ਹੈ, ★ ਸਿੱਧਾ ਭੱਜਦਾ ਰਹਿੰਦਾ ਹੈ, ਫਿਰ ਜੋ ਚੀਜ਼ ਸਾਹਮਣੇ ਉਸ ਨੂੰ ਵੱਢਣ ਲੱਗਦਾ ਹੈ, ★ ਗਲੇ ਦੇ ਅੰਦਰੂਨੀ ਹਿੱਸੇ ਦਾ ਅਧਰੰਗ ਹੋ ਜਾਂਦਾ ਹੈ, ਜਿਸ ਕਰਕੇ ਕੁੱਤਾ ਖਾਣਾ-ਪੀਣਾ ਛੱਡ ਦਿੰਦਾ ਹੈ, ★ ਮੂੰਹ 'ਚੋਂ ਲਾਰਾਂ ਡਿਗਦੀਆਂ ਰਹਿੰਦੀਆਂ ਹਨ, ★ ਕੁੱਤੇ ਨੂੰ ਪਾਣੀ ਤੋਂ ਡਰ ਲੱਗਣ ਲੱਗ ਜਾਂਦਾ ਹੈ, ਜਿਸ ਨੂੰ ਹਾਈਡ੍ਰੋਫੋਬਿਆ ਕਿਹਾ ਜਾਂਦਾ ਹੈ।

### ਮੱਝਾਂ ਅਤੇ ਗਾਵਾਂ ਵਿਚ ਲੱਛਣ

★ ਖਾਣਾ-ਪੀਣਾ ਛੱਡ ਦਿੰਦੀਆਂ ਹਨ, ★ ਅੜਿੰਗਦੀਆਂ ਰਹਿੰਦੀਆਂ ਹਨ, ★ ਥੋੜ੍ਹਾ-ਥੋੜ੍ਹਾ ਪਿਸ਼ਾਬ ਕਰਦੀਆਂ ਹਨ, ★ ਖੁਰਲੀਆਂ ਨਾਲ ਟੱਕਰ ਮਾਰਨ ਲੱਗਦੀਆਂ ਹਨ ਅਤੇ ਸਿੰਗ ਤੁੜਵਾ ਲੈਂਦੀਆਂ ਹਨ, ★ ਸਿਰ ਛਿੱਲ ਲੈਂਦੀਆਂ ਹਨ, ★ ਜੇਕਰ ਉਨ੍ਹਾਂ ਨੂੰ ਪਾਣੀ ਪੀਣ ਲਈ ਦਿੱਤਾ ਜਾਂਦਾ ਹੈ, ਤਾਂ ਉਨ੍ਹਾਂ ਦੇ ਗਲੇ ਦੇ ਅੰਦਰੂਨੀ ਹਿੱਸੇ ਦਾ ਅਧਰੰਗ ਹੋਣ ਕਰਕੇ ਪਾਣੀ ਪੀਤਾ ਨਹੀਂ ਜਾਂਦਾ ਤੇ ਉਨ੍ਹਾਂ ਨੂੰ ਪਾਣੀ ਤੋਂ ਵੀ ਡਰ ਲੱਗਣ ਲੱਗ ਜਾਂਦਾ ਹੈ, ਜਿਸ ਨੂੰ ਹਾਈਡ੍ਰੋਫੋਬਿਆ ਕਿਹਾ ਜਾਂਦਾ ਹੈ।

### ਹਲਕਾਅ ਤੋਂ ਬਚਾਅ

★ ਸਾਰੇ ਤੰਦਰੁਸਤ ਪਸ਼ੂਆਂ ਨੂੰ ਹਲਕਾਅ ਦਾ ਟੀਕਾਕਰਨ ਜ਼ਰੂਰ ਕਰਵਾਓ। ★ ਜੇਕਰ ਕਿਸੇ ਪਸ਼ੂ ਨੂੰ ਹਲਕਿਆ ਜਾਨਵਰ ਵੱਢ ਲੈਂਦਾ ਹੈ ਤਾਂ ਬਿਨਾਂ ਦੇਰੀ ਕੀਤੇ ਆਪਣੇ ਨੇੜਲੇ ਦੇ ਵੈਟਰਨਰੀ ਹਸਪਤਾਲ ਨਾਲ ਰਾਬਤਾ ਕਰੋ। ★ ਜ਼ਖਮ ਤੋਂ ਮਿੱਟੀ ਘੱਟਾ ਉਤਾਰ ਦਿਓ, ਜ਼ਖਮ ਨੂੰ ਸਾਫ ਵੱਗਦੇ ਪਾਣੀ ਨਾਲ ਚੰਗੀ ਤਰ੍ਹਾਂ ਧੋ ਦੇਵੋ ਅਤੇ ਉਸ ਨੂੰ ਟਿੰਚਰ ਆਇਓਡੀਨ ਦੇ ਘੋਲ ਨਾਲ ਚੰਗੀ ਤਰ੍ਹਾਂ ਧੋਣਾ ਚਾਹੀਦਾ ਹੈ। ਧੋਣ ਤੋਂ ਬਾਅਦ ਬੀਟਾਡਿਨ ਦਾ ਮੱਲ੍ਹਮ ਲਾ ਦਿਓ। ★ ਜ਼ਖਮ ਨੂੰ ਖੁੱਲ੍ਹਾ ਛੱਡ ਦੇਣਾ ਚਾਹੀਦਾ ਹੈ। ਟਾਂਕੇ ਨਹੀਂ ਲਾਉਣੇ ਚਾਹੀਦੇ। ★ ਬਿਨਾਂ ਦੇਰੀ ਕੀਤੇ ਤੁਰੰਤ ਨੇੜਲੇ ਵੈਟਰਨਰੀ ਹਸਪਤਾਲ ਜਾ ਕੇ ਪਸ਼ੂ ਦੇ ਵੈਕਸੀਨ ਲਗਵਾਉਣੀ ਸ਼ੁਰੂ ਕਰ ਦਿਓ।

# ਪਸ਼ੂਆਂ ਅਤੇ ਪਾਲਕਾਂ ਲਈ ਵਰਦਾਨ ਚਾਰੇ ਦਾ ਅਚਾਰ

ਜੀਵਨ ਬਤੀਤ ਕਰਨ ਲਈ ਲੋੜ ਕਾਢ ਦੀ ਮਾਂ ਦੇ ਕਥਨ ਅਨੁਸਾਰ ਸਮੇਂ ਸਮੇਂ ਤਰੀਕੇ ਖੋਜੇ ਜਾਂਦੇ ਹਨ। ਇਸੇ ਪ੍ਰਸੰਗ ਵਿਚ ਪਸ਼ੂਆਂ ਪਾਲਕਾਂ ਲਈ ਹਰੇ ਚਾਰੇ ਤੋਂ ਚਾਰੇ ਦਾ ਅਚਾਰ ਬਣਾਉਣ ਦੀ ਖੋਜ ਸੁੱਝੀ। ਇਸ ਖੋਜ ਸੁੱਝੀ। ਇਸ ਖੋਜ ਵਿੱਚ ਇੱਕ ਪੰਥ ਦੋ ਕਾਜ ਦਾ ਸਿਧਾਂਤ ਛੁਪਿਆ ਹੈ। ਹਰੇ ਚਾਰੇ ਦਾ ਅਚਾਰ ਜਿੱਥੇ ਪਸ਼ੂਆਂ ਲਈ ਪੌਸ਼ਟਿਕ ਗੁਣਾਂ ਤੋਂ ਵਰਦਾਨ ਹੈ ਉੱਥੇ ਪਸ਼ੂ ਪਾਲਕਾਂ ਲਈ ਸਮਾਂ ਬਚਾਉਣ ਲਈ ਵਰਦਾਨ ਹੈ। ਇਕ ਤਰ੍ਹਾਂ ਨਾਲ ਸੁੱਕੇ ਚਾਰੇ ਤੂੜੀ, ਟਾਂਡਾ ਅਤੇ ਪਰਾਲੀ ਨੂੰ ਸਾਂਭਣ ਦੇ ਅਨੁਕੂਲ ਹਰੇ ਚਾਰੇ ਦਾ ਅਚਾਰ ਪਸ਼ੂ ਪਾਲਕਾਂ ਦੇ ਖੇਤਰ ਵਿਚ ਆਇਆ। ਅਚਾਰ ਫਾਰਸੀ ਭਾਸ਼ਾ ਦਾ ਸ਼ਬਦ ਹੈ। ਇਸ ਨੇ ਮਨੁੱਖਤਾ ਲਈ ਰਸੋਈ ਦੇ ਸ਼ਿੰਗਾਰ ਤੋਂ ਪਸ਼ੂਆਂ ਲਈ ਵਾੜੇ ਦਾ ਸ਼ਿੰਗਾਰ ਤੱਕ ਸਫਰ ਕੀਤਾ।

ਹਰੇ ਚਾਰੇ ਦੇ ਅਚਾਰ ਦੀ ਖੋਜ 1928 ਵਿਚ ਇੰਗਲੈਂਡ ਵਿਚ ਹੋਈ। ਪੰਜਾਬ ਵਿਚ ਪਸ਼ੂਆਂ ਲਈ ਹਰੇ ਚਾਰੇ ਦੀ ਚਿਣਗ 1977 ਵਿਚ ਲੱਗੀ। ਉਸ ਸਮੇਂ ਤੋਂ ਇਸਦਾ ਰੁਝਾਨ ਤੇਜ਼ੀ ਨਾਲ ਫੜ ਸਕਿਆ। ਪਿੰਡਾਂ ਵਿਚ ਆਟਾ ਚੱਕੀਆਂ ਹੋਣ ਕਰਕੇ ਪਸ਼ੂਆਂ ਲਈ ਦਰੜ ਸੁੱਕੇ ਚਾਰੇ ਨਾਲ ਵਰਤ ਲਿਆ ਜਾਂਦਾ ਸੀ ਇਸ ਤੋਂ ਬਾਅਦ ਨਾਲ ਦੀ ਨਾਲ ਫੀਡ ਨੇ ਆਪਣੀ ਜਗਾਹ ਬਣਾਈ। ਹਾੜ੍ਹੀ ਅਤੇ ਸਾਉਣੀ ਸਮੇਂ ਇਕ ਬਾਰ ਹਰੇ ਚਾਰੇ ਦੀ ਕਿੱਲਤ ਆਉਂਦੀ ਹੈ। ਜਿਸ ਨਾਲ ਪਸ਼ੂ ਕਮਜ਼ੋਰ ਅਤੇ ਦੁੱਧ ਦੀ ਘਾਟ ਪੈਦਾ ਹੁੰਦੀ ਹੈ। ਪਸ਼ੂਆਂ ਦੀ ਗਿਣਤੀ ਵਧਦੀ ਹੈ ਕਿਉਂਕਿ ਬਿਮਾਰੀਆਂ ਅਤੇ ਸਾਂਭ ਸੰਭਾਲ ਲਈ ਨਵੇਂ-ਨਵੇਂ ਤਰੀਕੇ ਸਰਕਾਰ ਵੱਲੋਂ ਅਪਣਾਏ ਗਏ। ਇਸ ਨਾਲ ਚਾਰੇ ਹੇਠ ਰਕਬਾ ਵੀ ਘਟਿਆ।



ਅੱਜ ਹਰ ਬੰਦਾ ਚਾਹੁੰਦਾ ਹੈ ਕਿ ਦੁੱਧ ਉਸਦੇ ਘਰ ਦਾ ਹੋਵੇ ਕਿਉਂਕਿ ਮਿਲਾਵਟੀ ਦੁੱਧ ਦਾ ਆਮ ਰੁਝਾਨ ਹੈ ਹਰਾ ਚਾਰਾ ਰੋਜ਼ਾਨਾ ਕੱਟਣਾ ਪੈਂਦਾ ਹੈ। ਚਾਰੇ ਦਾ ਅਚਾਰ ਨੂੰ ਇਕ ਵਾਰ ਮਿਹਨਤ ਕਰਕੇ ਦੋ ਚਾਰ ਮਹੀਨੇ ਸੌਖੇ ਨਿਕਲ ਜਾਂਦੇ ਹਨ। ਅਚਾਰ ਪਸ਼ੂਆਂ ਦਾ ਸੁਆਦ ਵਧਾਉਂਦਾ ਹੈ ਅਤੇ ਪਾਲਕਾਂ ਦਾ ਸਮਾਂ ਬਚਾਉਂਦਾ ਹੈ। ਬਜ਼ਾਰੀ ਵੰਡ ਵੜੇਵਿਆਂ ਦੀ ਲੋੜ ਵੀ ਘੱਟ ਜਾਂਦੀ ਹੈ। ਮੱਕੀ ਦਾ ਅਚਾਰ ਜ਼ਿਆਦਾ ਸੌਖਾਂ ਅਤੇ ਲਾਹੇਵੰਦ ਹੈ। ਮੱਕੀ ਦਾ ਭਾਅ ਵੀ 25 ਤੋਂ 40 ਹਜ਼ਾਰ ਕਿੱਲੇ ਦਾ ਲੱਗਦਾ ਹੈ। ਚਾਰੇ ਦੇ ਅਚਾਰ ਨਾਲ ਭੂਮੀਹੀਣ ਲੋਕ ਵੀ ਪਸ਼ੂ ਰੱਖ ਸਕਦੇ ਹਨ। ਫਸਲ ਦਾ ਛੋਟਾ ਛੋਟਾ ਟੋਟਾ ਕਰਕੇ ਟੋਏ ਵਿਚ ਭਰ ਦਿੰਦੇ ਹਨ। ਉੱਤੋਂ ਦਬਾਅ ਦਿੰਦੇ ਹਨ। ਤੂੜੀ ਅਤੇ ਮਿੱਟੀ ਨਾਲ ਢੱਕ ਕੇ 45 ਦਿਨਾਂ ਵਿਚ ਤਿਆਰ ਹੋ ਜਾਂਦਾ ਹੈ। ਅਚਾਰ ਦਾ ਰੰਗ ਪੀਲਾ ਅਤੇ ਲਿਸ਼ਕਦਾ ਹੁੰਦਾ ਹੈ। ਇਸ ਦਾ ਤੇਜ਼ਾਬੀਪਣ 3.7 ਤੋਂ 4.7 ਹੁੰਦਾ ਹੈ। ਚਾਰਾ ਬਣਾਉਣ ਵਾਲੇ ਜੁਗਾੜੂ ਅਤੇ ਮੁਹਾਰਤ ਵਾਲੇ ਹੁੰਦੇ ਹਨ।

ਦੁਧਾਰੂ ਪਸ਼ੂਆਂ ਲਈ 20 ਤੋਂ 30 ਕਿਲੋ, ਝੋਟੀਆਂ ਔਸਰਾਂ ਲਈ 10 ਤੋਂ 12 ਕਿਲੋ, ਗੱਭਣ ਪਸ਼ੂਆਂ ਲਈ 15 ਤੋਂ 20 ਕਿਲੋ, ਝੋਟਿਆਂ ਅਤੇ ਸਾਨ੍ਹਾਂ ਲਈ 20 ਤੋਂ 25 ਕਿਲੋ ਅਚਾਰ ਦੀ ਵਰਤੋਂ ਰੋਜ਼ਾਨਾ ਕੀਤੀ ਜਾ ਸਕਦੀ ਹੈ। ਇਸ ਅਚਾਰ ਵਿਚ ਪਸ਼ੂਆਂ ਲਈ ਚੋਖਵੇਂ ਤੱਤ ਮੌਜੂਦ ਹੁੰਦੇ ਹਨ ਜਿਸ ਕਰਕੇਦ ਇਸ ਨੂੰ ਪਸ਼ੂਆਂ ਲਈ ਵਰਦਾਨ ਕਿਹਾ ਜਾਂਦਾ ਹੈ। ਮੱਕੀ ਸੂਤ ਅਤੇ ਦੋਧੇ ਪੈਣ ਸਮੇਂ, ਬਾਜਰਾ ਨਿਸਰਣ ਸਮੇਂ ਅਤੇ ਬਾਜਰਾ ਗਿੰਨੀ ਘਾਹ ਇਕ ਮੀਟਰ ਦੀ ਉਚਾਈ ਤੱਕ ਅਚਾਰ ਲਈ ਤਿਆਰ ਹੋ ਜਾਂਦੇ ਹਨ। ਇਹਨਾਂ ਫਸਲਾਂ ਲਈ ਪੌਦ ਸੁਰੱਖਿਆ ਜ਼ਰੂਰੀ ਹੁੰਦੀ ਹੈ। ਸਮੇਂ ਦਾ ਹਾਣੀ ਬਣਨ ਲਈ ਸਮਾਂ ਬਚਾਉਣ ਲਈ ਸਮੇਂ ਦੀ ਸਹੀ ਵਰਤੋਂ ਲਈ ਹਰੇ ਚਾਰੇ ਦਾ ਅਚਾਰ ਪਸ਼ੂਆਂ, ਪਸ਼ੂ ਪਾਲਕਾਂ ਲਈ ਵਰਦਾਨ ਸਿੱਧ ਹੋਇਆ। ਇਸਨੂੰ ਅਪਣਾਉਣਾ ਸਮੇਂ ਦੀ ਮੰਗ ਹੈ।

**ਸੁਖਪਾਲ ਸਿੰਘ ਗਿੱਲ,**
**ਅਬਿਆਣਾ ਕਲਾਂ**

--------- ਬਾਕੀ ਸਫਾ 11 ਦੀ ---------

# ਹਾੜ੍ਹੀ ਵਿੱਚ ਮਿਆਰੀ ਚਾਰਾ ਕਿਵੇਂ ਪੈਦਾ ਕਰੀਏ?

ਕਰਨੀ ਚਾਹੀਦੀ ਹੈ।

**ਰਾਈ ਘਾਹ** : ਰਾਈ ਘਾਹ



ਸਰਦੀਆਂ ਦੇ ਮੌਸਮ ਦਾ 5-6 ਕਟਾਈਆਂ ਦੇਣ ਵਾਲਾ ਚਾਰਾ ਹੈ। ਇਹ ਨਰਮ ਸੁਆਦਲਾ ਅਤੇ ਪਚਣਸ਼ੀਲ ਹੁੰਦਾ ਹੈ। ਇਸ ਵਿਚ ਪ੍ਰੋਟੀਨ ਅਤੇ ਨਿਸ਼ਾਸ਼ਤੇ ਦੀ ਮਾਤਰਾ ਕਾਫੀ ਹੁੰਦੀ ਹੈ। ਪੰਜਾਬ ਰਾਈ ਘਾਹ ਨੰਬਰ-1 ਛੇਤੀ ਵਧਣ ਵਾਲੀ ਕਿਸਮ ਹੈ, ਇਸ ਦੇ ਪੱਤੇ ਅਤੇ ਤਣਾ ਬਹੁਤ ਨਰਮ ਹੁੰਦੇ ਹਨ। ਇਹ ਕਿਸਮ ਨਵੰਬਰ ਤੋਂ ਮਈ ਤੱਕ 5 ਤੋਂ 6 ਕਟਾਈਆਂ ਵਿੱਚ 325 ਕੁਇੰਟਲ ਪ੍ਰਤੀ ਏਕੜ ਹਰਾ ਚਾਰਾ ਦਿੰਦੀ ਹੈ। ਰਾਈ ਘਾਹ ਦੀ ਬਿਜਾਈ ਦਾ ਢੁੱਕਵਾਂ ਸਮਾਂ ਸਤੰਬਰ ਦੇ ਅਖੀਰਲੇ ਹਫਤੇ ਤੋਂ ਸ਼ੁਰੂ ਅਕਤੂਬਰ ਤੱਕ ਹੈ। ਬਿਜਾਈ ਲਈ 4 ਕਿਲੋ ਬੀਜ ਪ੍ਰਤੀ ਏਕੜ ਨੂੰ ਗਿੱਲ੍ਹੀ ਮਿੱਟੀ ਵਿਚ ਰਲਾ ਕੇ ਛੱਟਾ ਦਿਓ ਅਤੇ ਬਾਅਦ ਵਿੱਚ ਛਾਪਾ ਫੇਰ ਕੇ ਪਾਣੀ ਲਾ ਦਿਓ। ਖੇਤ ਤਿਆਰ ਕਰਨ ਸਮੇਂ 15-20 ਟਨ ਰੂੜੀ ਪ੍ਰਤੀ ਏਕੜ ਜ਼ਮੀਨ ਵਿੱਚ ਰਲਾਓ। ਬਿਜਾਈ ਸਮੇਂ 15 ਕਿਲੋ ਨਾਈਟ੍ਰੋਜਨ (33 ਕਿਲੋ ਯੂਰੀਆ) ਪ੍ਰਤੀ ਏਕੜ ਦੇ ਹਿਸਾਬ ਨਾਲ ਵਰਤੋ ਅਤੇ 15 ਕਿਲੋ ਨਾਈਟ੍ਰੋਜਨ (33 ਕਿਲੋ ਯੂਰੀਆ) ਬਿਜਾਈ ਤੋਂ 30 ਦਿਨਾਂ ਪਿਛੋਂ ਪਾਓ। ਹਰ ਕਟਾਈ ਤੋਂ ਬਾਅਦ ਪਾਣੀ ਨਾਲ 30 ਕਿਲੋ ਨਾਈਟ੍ਰੋਜਨ (66 ਕਿਲੋ ਯੂਰੀਆ) ਪ੍ਰਤੀ ਏਕੜ ਪਾਓ। ਪਹਿਲਾ ਪਾਣੀ ਬਿਜਾਈ ਤੋਂ ਤੁਰੰਤ ਲਾਓ। ਦੂਜਾ ਪਾਣੀ ਬਿਜਾਈ ਤੋਂ ਤਕਰੀਬਨ 4-5 ਦਿਨਾਂ ਬਾਅਦ ਅਤੇ ਇਸ ਤੋਂ ਮਗਰੋਂ 10 ਦਿਨਾਂ ਦੇ ਵਕਫੇ ਤੇ ਮੌਸਮ ਅਨੁਸਾਰ ਦਿਓ। ਰਾਈ ਘਾਹ ਦੀ ਪਹਿਲੀ ਕਟਾਈ ਤੋਂ 55 ਦਿਨਾਂ ਬਾਅਦ ਅਤੇ ਉਸ ਤੋਂ ਮਗਰੋਂ ਮਹੀਨੇ ਦੇ ਵਕਫੇ ਤੇ ਕਰੋ।

**ਸਾਵਧਾਨੀ** : ਰਾਈ ਘਾਹ ਉੱਤੇ ਕਿਸੇ ਵੀ ਨਦੀਨਨਾਸ਼ਕ ਦਾ ਛਿੜਕਾਅ ਨਾਂਹ ਕਰੋ ਕਿਉਂਕਿ ਇਹ ਇਕ ਸੰਵੇਦਨਸ਼ੀਲ ਫਸਲ ਹੈ।

**ਦੇਸ਼ ਦਾ ਸਿਰਫ 1.53 ਪ੍ਰਤੀਸ਼ਤ ਭੂਗੋਲਿਕ ਖੇਤਰ ਵਾਲਾ ਪੰਜਾਬ ਰਾਜ ਦੇਸ਼ ਦੇ ਅੰਨ ਭੰਡਾਰ ਵਿਚ ਝੋਨੇ ਦਾ 21.6 ਪ੍ਰਤੀਸ਼ਤ ਹਿੱਸਾ ਪਾਉਂਦਾ ਹੈ। (ਸਾਲ 2023) ਸਾਉਣੀ ਸੀਜ਼ਨ 2024 ਦੌਰਾਨ ਪੰਜਾਬ ਵਿਚ ਝੋਨੇ ਦਾ ਕੁੱਲ ਰਕਬਾ 32.43 ਲੱਖ ਹੈਕਟੇਅਰ ਹੈ ਜਿਸ ਤੋਂ ਅੰਦਾਜ਼ਨ 208.89 ਲੱਖ ਟਨ ਪੈਦਾਵਾਰ ਹੋਣ ਦਾ ਅੰਦਾਜ਼ਾ ਹੈ। ਬਾਸਮਤੀ ਅਧੀਨ 6.8 ਲੱਖ ਹੈਕਟੇਅਰ ਰਕਬਾ ਹੈ। ਕਈ ਮਹੀਨਿਆਂ ਦੀ ਮਿਹਨਤ ਨਾਲ ਪਾਲੀ ਫਸਲ ਤੋਂ ਉੱਚ ਮੁੱਲ ਪਾਉਣਾ ਹਰੇਕ ਕਿਸਾਨ ਦਾ ਸੁਪਨਾ ਹੁੰਦਾ ਹੈ ਜੋ ਸਫਲ ਮੰਡੀਕਰਨ ਦਾ ਸਮਾਂ ਚੱਲ ਰਿਹਾ ਹੈ ਤਾਂ ਕਿਸਾਨਾਂ ਨੂੰ ਜਾਗਰੂਕ ਹੋਣ ਦੀ ਜ਼ਰੂਰਤ ਹੈ। ਆਓ ! ਕੁਝ ਨੁਕਤੇ, ਸੁਝਾਅ ਅਤੇ ਮਾਪਦੰਡ ਸਾਂਝੇ ਕਰੀਏ ਜੋ ਫਸਲ ਦੇ ਸਫਲਤਾਪੂਰਵਕ ਮੰਡੀਕਰਨ ਲਈ ਸਹਾਈ ਹੋਣਗੇ। ਪੰਜਾਬ ਸਰਕਾਰ ਨੇ ਖਰੀਫ ਸੀਜ਼ਨ 2024-25 ਲਈ ਝੋਨੇ ਦਾ ''ਏ ਗ੍ਰੇਡ'' ਲਈ 2320/- ਰੁਪਏ ਪ੍ਰਤੀ ਕੁਇੰਟਲ ਅਤੇ 'ਆਮ ਗ੍ਰੇਡ'ਬ ਲਈ 2300/- ਰੁਪਏ ਪ੍ਰਤੀ ਕੁਇੰਟਲ ਨਿਊਨਤਮ ਸਮੱਰਥਨ ਮੁੱਲ ਨਿਸ਼ਚਿਤ ਕਰਕੇ ਪਿਛਲੇ ਸਾਲ ਨਾਲ 117 ਰੁ. ਵਾਧਾ ਕੀਤਾ ਹੈ। ਮੰਡੀਆਂ ਵਿਚ ਖਰੀਦ ਦੀ ਪ੍ਰਕਿਰਿਆ 1 ਅਕਤੂਬਰ ਤੋਂ ਸ਼ੁਰੂ ਹੋ ਗਈ ਹੈ। ਪੰਜਾਬ ਸਰਕਾਰ ਵੱਲੋਂ ਸੀਜ਼ਨ ਦੌਰਾਨ 182.00 ਲੱਖ ਮੀਟਰਕ ਟਨ ਦੀ ਖਰੀਦ ਲਈ ਵੱਖ-ਵੱਖ ਖਰੀਦ ਏਜੰਸੀਆਂ ਨੂੰ ਟੀਚੇ ਨਿਰਧਾਰਿਤ ਕਰ ਦਿੱਤੇ ਹਨ।**



# ਝੋਨੇ ਦੇ ਲਾਹੇਵੰਦ ਮੰਡੀਕਰਨ ਸਬੰਧੀ ਨੁਕਤੇ

**ਕੁੱਝ ਜ਼ਰੂਰੀ ਸੁਝਾਅ**

ਸੁਚਾਰੂ ਮੰਡੀਕਰਨ ਲਈ ਸਭ ਤੋਂ ਪਹਿਲਾਂ ਅਨਾਜ ਖਰੀਦ ਪੋਰਟਲ ਅਤੇ ਰਜਿਸਟਰ ਕਰਵਾਉਣਾ ਲਾਜ਼ਮੀ ਹੈ। ਕਿਉਂਕਿ ਨਵੇਂ ਨਿਯਮਾਂ ਅਨੁਸਾਰ ਝੋਨੇ ਦੀ ਫਸਲ ਦੀ ਖਰੀਦ ਜ਼ਮੀਨੀ ਰਕਬੇ ਦੇ ਆਧਾਰ 'ਤੇ ਕੀਤੀ ਜਾਣੀ ਹੈ, ਇਸ ਦੇ ਲਈ ''ਆੜ੍ਹਤੀਆ ਲੈਂਡ ਮੈਪਿੰਗ ਪੋਰਟਲ'' 'ਤੇ ਆੜ੍ਹਤੀਆਂ ਰਾਹੀਂ ਜ਼ਮੀਨ ਦੀ ਮੈਪਿੰਗ ਕਰਵਾ ਕੇ ਫਾਰਮਰ ਆਈ ਡੀ. ਨਾਲ ਲਿੰਕ ਕਰਵਾ ਲਿਆ ਜਾਵੇ ਤਾਂ ਜੋ ਰਕਬੇ



ਅਨੁਸਾਰ ਫਸਲ ਦਾ ਫਾਇਦਾ ਲਿਆ ਜਾ ਸਕੇ। ਸਰਕਾਰੀ ਯੋਜਨਾਵਾਂ ਦਾ ਲਾਭ ਲੈਣ ਲਈ ਇਨ੍ਹਾਂ ਪੋਰਟਲਜ਼ 'ਤੇ ਕਿਸਾਨਾਂ ਦਾ ਰਜਿਸਟਰ ਹੋਣਾ ਲਾਜ਼ਮੀ ਹੈ। ਜੇਕਰ ਕਿਸੇ ਕਿਸਾਨ ਵੱਲੋਂ ਕਿਸੇ ਜ਼ਮੀਨ ਦਾ ਇੰਦਰਾਜ਼ ਕਰਵਾਉਣਾ ਜਾਂ ਅਪਡੇਟ ਕਰਵਾਉਣਾ ਹੋਵੇ ਉਹ ਵੀ ਮੰਡੀ ਵਿਚ ਜਿਨਸ ਵੇਚਣ ਤੋਂ ਪਹਿਲਾਂ ਕਰਵਾ ਲਿਆ ਜਾਵੇ ਕਿਉਂਕਿ ਇਕ ਵਾਰ ਫਸਲ ਵਿਕਣ ਤੋਂ ਬਾਅਦ ਇਹ ਵੇਰਵੇ ਦਰੁੱਸਤ ਕਰਵਾਉਣ ਸੰਭਵ ਨਹੀਂ ਹੈ। ਇਸ ਪੋਰਟਲ ਰਾਹੀਂ ਹੀ ਜੇ-ਫਾਰਮ ਅਤੇ ਜਿਨਸ ਦੀ ਸਿੱਧੀ ਅਦਾਇਗੀ ਪ੍ਰਾਪਤ ਹੋਵੇਗੀ।

**ਗੁਣਵੱਤਾ ਮਾਪਦੰਡ**

ਜਿਨਸ ਦਾ ਉੱਚ ਵਪਾਰਕ ਮੁੱਲ ਲੈਣ ਲਈ ਨਿਰਧਾਰਿਤ ਗੁਣਵੱਤਾ ਮਾਪਦੰਡਾਂ 'ਤੇ ਪੂਰਾ ਉਤਰਨ ਨੂੰ ਯਕੀਨੀ ਬਣਾਇਆ ਜਾਵੇ। ਸਰਕਾਰ ਵਲੋਂ ਝੋਨੇ ਦੀ ਨਿਊਨਤਮ ਸਮਰਥਨ ਮੁੱਲ 'ਤੇ ਖਰੀਦ ਲਈ ਨਿਰਧਾਰਿਤ ਮਾਪਦੰਡਾਂ ਅਨੁਸਾਰ ਆਪਣੇ ਪੱਧਰ 'ਤੇ ਜਿਨਸ ਦੀ ਗ੍ਰੇਡਿੰਗ ਕੀਤੀ ਜਾਣੀ ਚਾਹੀਦੀ ਹੈ। ਜਿਨਸ ਪੂਰੀ ਤਰ੍ਹਾਂ ਸੁੱਕੀ, ਸਾਫ ਸਵੱਛ, ਦਾਣਿਆਂ ਦੇ ਰੰਗ ਅਤੇ ਸਾਇਜ਼ ਵਿਚ ਇਕਸਾਰਤਾ ਹੋਣੀ ਚਾਹੀਦੀ ਹੈ। ਇਹ ਗੰਧ, ਉੱਲੀ, ਕੀੜਿਆਂ ਤੋਂ ਰਹਿਤ ਹੋਣੀ ਚਾਹੀਦੀ ਹੈ। ਨਿਰਧਾਰਿਤ ਮਾਪਦੰਡਾਂ ਅਨੁਸਾਰ ਜਿਨਸ 'ਚ ਅਜੈਵਿਕ ਅਸ਼ੁੱਧੀਆਂ (1 ਪ੍ਰਤੀਸ਼ਤ), ਜੈਵਿਕ ਅਸ਼ੁੱਧੀਆਂ (1 ਪ੍ਰਤੀਸ਼ਤ), ਟੁੱਟੇ ਤੇ ਸੁੰਗੜੇ ਦਾਣੇ (3%), ਖਰਾਬ ਬਦਰੰਗੇ ਕੀੜੇ ਖਾਧੇ ਦਾਣੇ (5%), ਨਮੀਂ ਮਾਤਰਾ (17%) ਤੋਂ ਵੱਧ ਨਾ ਹੋਵੇ।

**ਸਫਲ ਮੰਡੀਕਰਨ ਦੇ ਨੁਕਤੇ**

ਸਰਕਾਰ ਵੱਲੋਂ ਨਿਰਧਾਰਿਤ ਸਮਰਥਨ ਮੁੱਲ ਤੇ ਝੋਨੇ ਦੀ ਖਰੀਦ ਦੇ ਫੈਸਲੇ ਦਾ ਫਾਇਦਾ ਲੈਣ ਲਈ ਸਾਫ ਸਵੱਛ, ਸੁੱਕੀ ਅਤੇ ਆਪਣੇ ਪੱਧਰ 'ਤੇ ਗ੍ਰੇਡ ਕੀਤੀ ਹੋਈ ਜਿਨਸ ਮੰਡੀ ਵਿਚ ਲੈ ਕੇ ਜਾਓ। ਸਰਕਾਰ ਵੱਲੋਂ ਮੰਡੀ ਵਿਚ ਆਈ ਹਰੇਕ ਢੇਰੀ ਦੀ ਉਸੇ ਦਿਨ ਬੋਲੀ ਸਵੇਰੇ 11:30 ਵਜੇ ਤੋਂ ਸ਼ਾਮ 4:00 ਵਜੇ ਤੱਕ ਮੁਕੰਮਲ ਕਰਨ ਅਤੇ ਬੋਲੀ ਤੋਂ ਬਾਅਦ ਉਸੇ ਦਿਨ ਤੁਲਾਈ ਹੋਣ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਗਏ ਹਨ। ਜਿਨਸ ਦੇ ਅਣਵਿਕੇ ਰਹਿਣ ਦਾ ਕਾਰਣ ਜਿਨਸ ਦੀ ਸਫਾਈ ਨਾ ਹੋਣਾ, ਨਮੀ ਦਾ ਵੱਧ ਹੋਣਾ ਅਤੇ ਨਿਰਧਾਰਿਤ ਮਾਪਦੰਡਾਂ ਮੁਤਾਬਿਕ ਨਾ ਹੋਣਾ ਹੁੰਦਾ ਹੈ। ਸੋ ਇਨ੍ਹਾਂ ਗੱਲਾਂ ਦਾ ਪਹਿਲਾਂ ਤੋਂ ਹੀ ਧਿਆਨ ਰੱਖਦੇ ਹੋਏ ਵਿਕਣ ਵਿਚ ਅਣਲੋੜੀਂਦੀ ਦੇਰੀ ਅਤੇ ਖੱਜਲ-ਖੁਆਰੀ ਤੋਂ ਬਚਿਆ ਜਾ ਸਕਦਾ ਹੈ। ਬੋਲੀ ਸਮੇਂ ਹਾਜ਼ਿਰ ਰਹਿਣ, ਜਿਨਸ ਦਾ ਸਹੀ ਤੋਲ, ਤਸਦੀਕਸ਼ੁਦਾ ਕੰਡੇ ਵੱਟਿਆਂ ਦੀ ਵਰਤੋਂ, ਕੰਡਿਆਂ ਦਾ ਜ਼ਮੀਨ ਦੇ ਇਕਸਾਰ ਲੈਵਲ ਹੋਣ ਆਦਿ ਦਾ ਪੂਰਾ ਧਿਆਨ ਰੱਖਣਾ ਚਾਹੀਦਾ ਹੈ। ਮੰਡੀ ਬੋਰਡ ਅਤੇ ਖੇਤੀਬਾੜੀ ਵਿਭਾਗ ਦੇ ਮਾਰਕੀਟਿੰਗ ਸੈਕਸ਼ਨ ਦੇ ਅਧਿਕਾਰੀਆਂ ਵੱਲੋਂ ਵੀ ਸੀਜ਼ਨ ਦੌਰਾਨ ਹਰੇਕ ਮੰਡੀ ਵਿਚ ਕਿਸਾਨਾਂ ਨੂੰ ਲੁੱਟ-ਖਸੁੱਟ ਤੋਂ ਬਚਾਉਣ ਲਈ ਲਗਾਤਾਰ ਕੰਡੇ ਵੱਟੇ ਅਤੇ ਤੋਲ ਚੈੱਕ ਕੀਤੇ ਜਾਂਦੇ ਹਨ। ਝੋਨੇ ਦੀ 37.5 ਕਿਲੋ/ਬੋਰੀ ਦੀ ਭਰਤੀ ਨਿਸ਼ਚਿਤ ਕੀਤੀ ਗਈ ਹੈ।

**ਲੇਬਰ ਖਰਚੇ**

ਕਿਸਾਨਾਂ ਨੇ ਸਿਰਫ ਅਨਲੋਡਿੰਗ ਦੇ 2.45 ਰੁਪਏ/ਯੂਨਿਟ ਅਤੇ ਮਸ਼ੀਨ ਰਾਹੀਂ ਸਾਫ-ਸਫਾਈ ਦੇ 4.34

**ਡਾ. ਮਨਮੀਤ ਮਾਨਵ**

ਰੁਪਏ/ਯੂਨਿਟ ਦਾ ਭੁਗਤਾਨ ਕਰਨਾ ਹੈ। ਬਾਕੀ ਭਰਾਈ, ਤੁਲਾਈ, ਸਿਲਾਈ ਅਤੇ ਲੋਡਿੰਗ ਦਾ ਖਰਚਾ ਖਰੀਦ ਏਜੰਸੀ/ਖਰੀਦਦਾਰ ਵੱਲੋਂ ਦਿੱਤਾ ਜਾਣਾ ਹੁੰਦਾ ਹੈ। ਜਿਨਸ ਦੇ ਅਣਲੋੜੀਂਦੇ ਨੁਕਸਾਨ ਤੋਂ ਬਚਣ ਲਈ ਮਸ਼ੀਨ ਨਾਲ ਸਫਾਈ (ਪਾਵਰ ਅਪਰੇਟਡ) ਸਿਰਫ ਇਕ ਵਾਰੀ ਅਤੇ ਹੱਥੀਂ ਸਫਾਈ ਦੋ ਵਾਰ ਤੋਂ ਵੱਧ ਨਾ ਕਰਵਾਈ ਜਾਵੇ। ਸਫਲ ਮੰਡੀਕਰਨ ਲਈ ਮੰਡੀ ਬੋਰਡ ਪੱਧਰ, ਜ਼ਿਲ੍ਹਾ ਪੱਧਰ, ਸਟੇਟ ਪੱਧਰ ਉੱਪਰ ਕੰਟਰੋਲ ਰੂਮ ਬਣਾਏ ਜਾਂਦੇ ਹਨ। ਸੋ ਝੋਨੇ ਦੀ ਉਪਜ ਨੂੰ ਸਾਫ, ਸੁੱਕੀ, ਨਮੀ ਰਹਿਤ, ਇਕਸਾਰ ਗੁਣਵੱਤਾ ਵਾਲੀ, ਅਸ਼ੁੱਧੀਆਂ ਰਹਿਤ ਲੈ ਕੇ ਜਾਓ ਤਾਂ ਜੋ ਮੰਡੀਕਰਨ ਸੌਖਾਲਾ, ਸੁਚੱਜਾ, ਸਮੇਂ-ਸਿਰ, ਕੁਸ਼ਲ ਅਤੇ ਉੱਚ ਮੁੱਲ ਦਿਵਾਉਣ ਵਾਲਾ ਹੋਵੇ।

**ਝੋਨੇ ਅਤੇ ਬਾਸਮਤੀ ਦਾ ਸਫਲ ਮੰਡੀਕਰਨ**

ਉਤਪਾਦਕ ਕੋਲ ਮੰਡੀਕਰਨ ਦੇ ਕਈ ਵਿਕਲਪ ਹਨ, ਇਕ ਤਾਂ ਨਿੱਜੀ ਮੰਡੀਕਰਨ ਵਿਕਲਪ ਅਤੇ ਦੂਸਰਾ ਸੰਸਥਾਗਤ ਮੰਡੀਕਰਨ ਵਿਕਲਪ। ਨਿੱਜੀ ਮੰਡੀਕਰਨ ਵਿਕਲਪ ਵਿਚ ਬਾਸਮਤੀ ਦਾ ਸਵੈ ਮੰਡੀਕਰਨ, ਘਰੇਲੂ ਬਾਜ਼ਾਰੀਕਰਨ ਅਤੇ ਨਿਰਯਾਤ ਵਪਾਰ ਰਾਹੀਂ ਚੰਗੇ ਮੁਨਾਫੇ ਨਾਲ ਸਫਲ ਵਪਾਰ ਕਰ ਸਕਦਾ ਹੈ। ਸੰਸਥਾਗਤ ਮੰਡੀਕਰਨ ਵਿਕਲਪ ਵਿਚ ਉਹ ਉਪਜ ਮੰਡੀ ਵਿਚ ਸਰਕਾਰ ਵੱਲੋਂ ਤੈਅ ਨੋਡਲ ਏਜੰਸੀਆਂ ਜਾਂ ਪ੍ਰਾਈਵੇਟ ਵਪਾਰੀਆਂ ਨੂੰ ਨਿਊਨਤਮ ਸਮਰਥਨ ਮੁੱਲ 'ਤੇ ਵੇਚ ਸਕਦਾ ਹੈ।

**ਫਸਲ ਦੀ ਕਟਾਈ ਲਈ ਸੁਝਾਅ**

ਸਮੇਂ ਸਿਰ ਅਤੇ ਸੌਖਾਲੇ ਮੰਡੀਕਰਨ ਲਈ ਉਤਪਾਦਕਾਂ ਨੂੰ ਜਿਨਸ ਦੀ ਗੁਣਵੱਤਾ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਗੁਣਵੱਤਾ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕਾਂ (ਬੀਜ ਕੁਆਲਿਟੀ, ਬਿਜਾਈ ਦਾ ਸਮਾਂ, ਖਾਦਾਂ ਦੀ ਮਾਤਰਾ, ਪਾਣੀ ਦੀ ਮਾਤਰਾ, ਮਿੱਟੀ ਦੀ ਸਿਹਤ, ਕਟਾਈ ਦਾ ਸਮਾਂ) ਨੂੰ ਸਮਝਣਾ ਜ਼ਰੂਰੀ ਹੈ। ਹੁਣ ਜਦਕਿ ਕਟਾਈ ਦਾ ਸਮਾਂ ਚੱਲ ਰਿਹਾ ਹੈ ਤਾਂ ਕਿਸਾਨਾਂ ਨੂੰ ਇਹ ਜਾਣ ਲੈਣਾ ਲਾਜ਼ਮੀ ਹੈ ਕਿ ਸਮੇਂ ਤੋਂ ਪਹਿਲਾਂ ਤੇ ਦੇਰੀ ਨਾਲ ਕੀਤੀ ਕਟਾਈ ਫਸਲ ਦੀ ਗੁਣਵੱਤਾ ਨੂੰ ਪ੍ਰਭਾਵਿਤ ਕਰਦੀ ਹੈ। ਇਹ ਗੱਲ ਪੱਕੀ ਕਰ ਲੈਣੀ ਚਾਹੀਦੀ ਹੈ ਕਿ ਕਟਾਈ ਸਮੇਂ ਦਾਣੇ ਹੇਠਾਂ ਤੋਂ ਉੱਪਰ ਤੱਕ ਸਾਰੇ ਇਕਸਾਰ ਸੁੱਕੇ ਹੋਣ, ਉਨ੍ਹਾਂ ਵਿਚ ਨਮੀ ਦੀ ਮਾਤਰਾ 17 ਪ੍ਰਤੀਸ਼ਤ ਤੋਂ ਵੱਧ ਨਾ ਹੋਵੇ, ਝੋਨਾ ਨਿਸਰਣ ਤੋਂ ਕਟਾਈ ਤੱਕ ਦਾ ਸਮਾਂ ਘੱਟ ਤੋਂ ਘੱਟ 35 ਦਿਨਾਂ ਦਾ ਹੋਵੇ, ਪੱਤਿਆਂ ਦਾ ਰੰਗ ਭੂਰੇ ਵੱਲ ਹੋਵੇ। ਸਮੇਂ ਤੋਂ ਪਹਿਲਾਂ ਕੀਤੀ ਕਟਾਈ ਨਾਲ ਦਾਣਿਆਂ ਵਿਚ ਕੱਚਾਪਣ, ਟੁੱਟ-ਭੱਜ, ਵੱਧ ਨਮੀ ਅਤੇ ਬਿਮਾਰੀਆਂ ਦੀ ਆਮਦ ਦਾ ਖਤਰਾ ਰਹਿੰਦਾ ਹੈ। ਦੇਰੀ ਨਾਲ ਕੀਤੀ ਕਟਾਈ ਕਾਰਣ ਦਾਣੇ ਫਟਣ ਅਤੇ ਬਿਖਰਣ ਨਾਲ ਚੂਹਿਆਂ, ਪੰਛੀਆਂ, ਕੀੜਿਆਂ ਤੋਂ ਹੋਣ ਵਾਲੇ ਨੁਕਸਾਨ ਦਾ ਖਤਰਾ ਵੱਧ ਸਕਦਾ ਹੈ। ਸਿੱਲੇ ਮੌਸਮ, ਜਲਦ ਸਵੇਰੇ ਅਤੇ ਦੇਰ ਸ਼ਾਮ ਨੂੰ ਕਟਾਈ ਨਾ ਕੀਤੀ ਜਾਵੇ ਜਿਸ ਨਾਲ ਦਾਣਿਆਂ ਵਿਚ ਨਮੀਂ ਦੀ ਮਾਤਰਾ ਵੱਧ ਸਕਦੀ ਹੈ।

# ਚਿੱਚੜ, ਮੱਛਰ ਅਤੇ ਮੱਖੀਆਂ ਤੋਂ ਪਸ਼ੂਆਂ ਨੂੰ ਬਚਾਓ

ਗਰਮ ਅਤੇ ਹੁੰਮਸ ਵਾਲੇ ਮੌਸਮ ਵਿਚ ਬਾਹਰੀ ਪਰਜੀਵੀ ਜਿਵੇਂ ਚਿੱਚੜ, ਮੱਛਰ ਆਦਿ ਦੀ ਗਿਣਤੀ ਵੱਧ ਜਾਂਦੀ ਹੈ ਅਤੇ ਇਹ ਪਸ਼ੂਆਂ ਵਿੱਚ ਕਈ ਜਾਨਲੇਵਾ ਬਿਮਾਰੀਆਂ (ਜਿਵੇਂ ਕਨੇਡੂ ਰੋਗ, ਲਹੂ ਮੂਤਣਾ, ਪੀਲੀਆ, ਲੰਪੀ, ਲੰਗੜਾ ਬੁਖਾਰ, ਲੰਪੀ ਚਮੜੀ ਦੀ ਬਿਮਾਰੀ ਅਤੇ ਸਰ੍ਹਾ ਆਦਿ) ਫੈਲਾਉਂਦੇ ਹਨ ਤੇ ਪਸ਼ੂ ਪਾਲਕਾਂ ਦਾ ਨੁਕਸਾਨ ਕਰਦੇ ਹਨ। ਚਿੱਚੜੀਆਂ ਮੱਛਰਾਂ ਦੀ ਤਰ੍ਹਾਂ ਚਮੜੀ ਤੇ ਬੈਠਦੇ ਹੀ ਕੱਟਣਾ ਸ਼ੁਰੂ ਨਹੀਂ ਕਰਦੀਆਂ। ਇਹ ਪਹਿਲਾਂ ਚਮੜੀ ਤੇ ਚਿਪਕਦੀਆਂ ਹਨ ਤੇ ਫਿਰ ਛੇਦ ਕਰਕੇ ਖੂਨ ਚੂਸਣਾ ਸ਼ੁਰੂ ਕਰ ਦਿੰਦੀਆਂ ਹਨ। ਇਨ੍ਹਾਂ ਤੋਂ ਬਚਾਅ ਲਈ ਇਨ੍ਹਾਂ ਪਰਜੀਵੀਆਂ ਦੀ ਬਰੀਡਿੰਗ ਰੋਕਣੀ ਜ਼ਰੂਰੀ ਹੈ। ਸ਼ੈੱਡ ਵਿਚ ਕੋਈ ਹੋਵੇ। ਇਲਾਜ ਲਈ ਕਈ ਦਵਾਈਆਂ ਉਪਲਬਧ ਹਨ ਜਿਵੇਂ :-

1. ਆਈਵਰਮੈਕਟਿਨ (ਹਾਈਟੈਕ) ਦਾ ਟੀਕਾ : ਇਹ ਟੀਕਾ ਹਰ 25-30 ਦਿਨਾਂ ਵਿਚ 6-9 ਮਹੀਨੇ ਦੇ ਲਈ ਦਿੱਤਾ ਜਾ ਸਕਦਾ ਹੈ। ਇਸ ਦਵਾਈ ਦੀ ਵਰਤੋਂ ਪਸ਼ੂ ਦੇ ਸਰੀਰਕ ਭਾਰ ਅਨੁਸਾਰ ਡਾਕਟਰ ਦੁਆਰਾ ਹੀ ਦਿੱਤੀ ਜਾਂਦੀ ਹੈ।

2. ਕੁਝ ਦਵਾਈਆਂ ਹਰ 15-21 ਦਿਨਾਂ ਦੇ ਫਰਕ ਤੇ ਪਸ਼ੂ ਦੇ ਸਰੀਰ ਤੇ ਲਗਾਉਣੀਆਂ ਜ਼ਰੂਰੀ ਹੁੰਦੀਆਂ ਹਨ ਜਿਵੇਂ ਅਮਿਤਰਾਜ (ਟੈਕਟਿਕ ਬਾਥ)- 6 ਮਿਲੀਲਿਟਰ / ਲੀਟਰ ਪਾਣੀ, ਬਿਊਟੌਕਸ (ਡੈਲਟਾਮੈਥਰਿਨ)-2 ਤੋਂ 3 ਮਿਲੀਲੀਟਰ/ਲੀਟਰ ਪਾਣੀ ਦਾ ਘੋਲ।

3. ਬੇਟੀਕੋਲ ਪੋਰਔਨ (ਫਲੂਮੇਥਰਿਨ)30-50 ਮਿਲੀਲੀਟਰ ਪ੍ਰਤੀ 300 ਕਿਲੋ ਭਾਰ ਦੇ ਹਿਸਾਬ ਨਾਲ ਪਸ਼ੂ ਦੀ ਰੀੜ ਦੀ ਹੱਡੀ ਤੇ ਪਾਉਣਾ ਚਾਹੀਦਾ ਹੈ। ਇਸਦਾ ਅਸਰ 1-2 ਮਹੀਨੇ ਤੱਕ ਰਹਿੰਦਾ ਹੈ।

★ ਪਸ਼ੂ ਪਾਲਕ ਨੂੰ ਧਿਆਨ ਰੱਖਣਾ ਚਾਹੀਦਾ ਹੈ ਕਿ ਇਹ ਦਵਾਈਆਂ ਬਦਲ ਬਦਲ ਕੇ ਹੀ ਵਰਤੀਆਂ ਜਾਣ ਤਾਂ ਜ਼ਿਆਦਾ ਚੰਗਾ ਰਹਿੰਦਾ ਹੈ।

★ ਦਵਾਈਆਂ ਦੀ ਵਰਤੋਂ ਲੇਬਲ ਉੱਪਰ ਦੱਸੀ ਮਾਤਰਾ ਅਨੁਸਾਰ ਹੀ ਕਰੋ।

★ ਛਿੜਕਾਅ ਦੇ ਬਾਅਦ ਕੁਝ ਸਮੇਂ ਤੱਕ ਪਸ਼ੂਆਂ ਦੇ ਮੂੰਹ ਤੇ ਛਿਕਲੀ ਪਾ ਦਿਓ ਤਾਂ ਜੋ ਉਹ ਇਕ ਦੂਜੇ ਨੂੰ ਨਾ ਚੱਟਣ।

★ ਪਸ਼ੂ ਉੱਪਰ ਛਿੜਕਾਅ ਦੇ ਨਾਲ ਹੀ ਸ਼ੈੱਡ ਦੇ ਫਰਸ਼ ਅਤੇ ਕੰਧਾਂ ਤੇ ਵੀ ਛਿੜਕਾਅ ਜ਼ਰੂਰੀ ਹੈ ਪਰ ਇਸ ਲਈ ਦਵਾਈ ਦਾ ਦੂਹਰੀ ਤਾਕਤ ਵਾਲਾ ਘੋਲ ਤਿਆਰ ਕਰਨਾ ਚਾਹੀਦਾ ਹੈ।

★ ਸ਼ੈੱਡ ਅੰਦਰ ਛਿੜਕਾਅ ਸਮੇਂ ਚਿਚੜੀਆਂ ਕੰਧਾਂ, ਖੁਰਲੀਆਂ ਦੀਆਂ ਤਰੇੜਾਂ ਵਿਚ ਵੀ ਲੁਕ ਜਾਂਦੀਆਂ ਹਨ, ਇਨ੍ਹਾਂ ਨੂੰ ਮਾਰਨ ਲਈ ਅੱਗ ਦੀ ਲਾਟ (ਫਲੇਮ ਗਨ) ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ। ਤਰੇੜਾਂ ਨੂੰ ਸਮੇਂ ਸਮੇਂ ਤੇ ਭਰ ਦੇਣਾ ਚਾਹੀਦਾ ਹੈ।

★ ਸ਼ੈੱਡ, ਖੁਰਲੀ/ਕਿੱਲਾ/ਪਸ਼ੂ ਦੇ ਬੰਨਣ ਵਾਲੀ ਥਾਂ ਦੀ ਸਾਫ-ਸਫਾਈ ਕਰਨੀ ਚਾਹੀਦੀ ਹੈ।

★ ਪਸ਼ੂ ਨੂੰ ਸਾਫ ਸੁਥਰੀ ਅਤੇ ਸੰਤੁਲਿਤ ਫੀਡ ਪਾਉ ਤੇ ਸਮੇਂ-ਸਮੇਂ ਤੇ ਪਸ਼ੂ ਦੀ ਚਮੜੀ ਦੀ ਸਫਾਈ ਬੁਰਸ਼ ਨਾਲ ਵੀ ਕਰੋ।

★ ਪਸ਼ੂਆਂ ਨੂੰ ਪੱਕੇ ਥਾਂ ਤੇ ਬੰਨ੍ਹੋ ਅਤੇ ਹੋ ਸਕੇ ਤਾਂ ਗਾਵਾਂ-ਮੱਝਾਂ ਨੂੰ ਅਲੱਗ ਬੰਨਣਾ ਚਾਹੀਦਾ ਹੈ।

**ਮਧੂ ਸ਼ੈਲੀ ਅਤੇ ਅਜੈ ਕੁਮਾਰ, ਪਸਾਰ ਵਿਗਿਆਨੀ (ਮੋ. 96434-42427)**

# ਬਲਾਕ ਕਾਹਨੂੰਵਾਨ ਦੇ ਪਿੰਡ ਸੇਖਵਾਂ ਦੇ ਕਿਸਾਨ ਬੂਟਾ ਸਿੰਘ ਪਿਛਲੇ 10 ਸਾਲਾਂ ਤੋਂ ਫਸਲੀ -ਰਹਿੰਦ ਖੂੰਹਦ ਨੂੰ ਅੱਗ ਨਾ ਲਗਾ ਕੇ ਇੰਟਰਕਰੋਪਿੰਗ, ਖੇਤੀ ਵਿਭਿੰਨਤਾ, ਐਗਰੋ ਫੋਰੈਸਟਰੀ ਤੇ ਮਿੱਟੀ ਉਪਜਾਊਤਾ ਲਈ ਦੇਸੀ ਗਾਵਾਂ ਤੇ ਹਰੀ ਖਾਦ ਨਾਲ ਕਰਦੇ ਕੁਦਰਤੀ ਖੇਤੀ

ਕਿਸਾਨ ਵੀਰੋ ਦੇਖਿਆ ਜਾਵੇ ਤਾਂ ਅੱਜ ਮਹਿੰਗਾਈ ਦੇ ਯੁੱਗ ਵਿਚ ਖੇਤੀ ਕੇਵਲ ਸਮਝ ਅਨੁਸਾਰ ਚੱਲਣ ਦੀ ਹੀ ਰਹਿ ਗਈ ਹੈ। ਕਿਉਂਕਿ ਇਕ ਦੂਜੇ ਵੱਲ ਦੇਖ ਕੇ ਚੱਲਣ ਦੀ ਦੌੜ ਖੇਤ ਪ੍ਰਤੀ ਬੇਲੋੜੀ ਖੇਤੀ ਸਮੱਗਰੀ ਦੀ ਲੋੜ ਭਾਵੇਂ ਨਾ ਹੋਵੇ ਤਦ ਵੀ ਬੇਸਮਝੀ ਕਰਕੇ ਪਾਉਣ ਲਈ ਝਿਜਕਦੇ ਨਹੀਂ। ਅੱਜ ਪੰਜਾਬ ਦਾ ਨੱਬੇ ਫੀਸਦੀ ਕਿਸਾਨ ਖੇਤ ਦੇ ਖਰਚ ਜੋ ਬੀਜ ਤੋਂ ਲੈ ਕੇ ਮੰਡੀ ਤੱਕ ਪਹੁੰਚਣ ਦੇ ਲਿਖਦਾ ਨਹੀਂ ਜਿਸਦਾ ਉਸ ਨੂੰ ਅਸਲ ਝਾੜ ਤੇ ਫਸਲ ਚੋਂ ਬਚੇ ਪੈਸਿਆਂ ਦਾ ਪਤਾ ਲੱਗ ਸਕੇ। ਦੋਸਤੋ ਅੱਜ ਖੇਤੀ ਖਰਚੇ ਘਟਾਉਣ ਦੇ ਨਾਲ ਮਿੱਟੀ ਦੀ ਉਪਜਾਊ ਸ਼ਕਤੀ ਵਧਾਉਣਾ ਹੀ ਅੱਜ ਸਭ ਤੋਂ ਅਹਿਮ ਹੈ। ਜਿਸ ਨਾਲ ਫਸਲੀ ਕੀਟ ਪਤੰਗੇ, ਬਿਮਾਰੀ, ਜ਼ਮੀਨ ਦਾ ਬੰਜ਼ਰ ਪੁਣਾ ਘਟਾਉਣ ਦੇ ਨਾਲ ਹੀ ਮਨੁੱਖੀ ਜੀਵਨ ਨੂੰ ਤੰਦਰੁਸਤ ਰੱਖ ਸਕਦੇ ਹਾਂ। ਬੂਟਾ ਸਿੰਘ 67 ਸਾਲਾਂ ਦੀ ਉਮਰ 'ਚ ਵੀ ਆਪਣੇ ਸਾਰੇ ਖੇਤੀਬਾੜੀ ਖੇਤਰ ਦੇ ਕੰਮ ਆਪਣੇ ਹੱਥੀਂ ਆਪ ਟਰੈਕਟਰ ਚਲਾ ਕੇ ਕਰਦੇ ਹਨ। ਗੁਰੂ ਸਿੱਖ ਹੋਣ ਦੇ ਨਾਲ ਆਪਣੀ ਉੱਚੀ ਸੋਚ ਸਦਕਾ ਜਿਥੇ ਵਾਤਾਵਰਨ ਸਾਫ ਰੱਖਣ ਲਈ ਉਪਰਾਲੇ ਕਰਦੇ, ਉੱਥੇ ਮਿੱਟੀ ਦੀ ਉਪਜਾਊਪਨ ਵਧਾਉਣ ਲਈ ਵਧੇਰੇ ਦੇਸੀ ਨੁਸਖੇ ਅਪਣਾ ਰਹੇ ਉਹ ਪਸ਼ੂ ਦੇ ਰੂੜੀ ਖਾਦ ਹੋਵੇ ਜਾਂ ਘਾਹ ਵੀ ਹਰੀ ਖਾਦ ਵਜੋਂ ਵਰਤਦੇ ਹਨ। ਪਿੰਡ ਦੇ ਨੌਜਵਾਨ ਮੈਨੂੰ ਹੱਸਦੇ ਹਨ ਕਿ ਬਾਪੂ ਸਾਨੂੰ ਆਪਣੀ ਜ਼ਮੀਨ ਠੇਕੇ ਤੇ ਦੇ ਦੇ। ਆਖਣ ਸਾਡੇ ਤੋਂ ਵੱਧ ਪੈਸੇ ਲੈ ਲਵੋ ਤੁਸੀਂ ਆਰਾਮ ਕਰਿਆ ਕਰੋ, ਤੁਸੀਂ ਹੁਣ ਬਜ਼ੁਰਗ ਹੋ ਗਏ ਹੋ। ਮੈਂ ਉਹਨਾਂ ਨੂੰ ਕਹਿੰਦਾ ਹਾਂ ਕਿ ਤੁਸੀਂ ਸਭ ਤੋਂ ਪਹਿਲਾਂ ਮੇਰੀ ਜ਼ਮੀਨ ਸਾੜਨੀ ਹੈ ਜੋ ਮੈਂ ਲੰਮੇ ਸਮੇਂ ਤੋਂ ਬਚਾਈ ਐ, ਤੇ ਮੈਂ ਇਸ ਵਿਚ ਸੂਖਮ ਜੀਵਾਂ ਤੇ ਮਿੱਤਰ ਕੀੜਿਆਂ ਨੂੰ ਸਾਂਭਿਆ ਹੈ। ਤੁਸੀਂ ਅੱਗ ਲਗਾ ਕੇ ਨਸ਼ਟ ਕਰ ਦੇਣੇ ਹਨ। ਉਪਰੋਂ ਤੁਸੀਂ ਵੱਧ ਖਾਦ ਪਾ ਕੇ ਜ਼ਮੀਨ ਵੀ ਖਰਾਬ ਕਰ ਦੇਣੀ ਹੈ। ਉਹਨਾਂ ਕਿਹਾ ਕਿ ਮੈਂ ਖੇਤੀ ਸੰਸਥਾਵਾਂ ਦੇ ਲਿਟਰੇਚਰ ਪੜ੍ਹਨ ਦੇ ਨਾਲ ਕਾਸ਼ਤ ਕਰਦਾ ਹੈ। ਫਜ਼ੂਲ ਖਰਚੀ ਤੇ ਦੇਖਾ ਦੇਖੀ ਨਾਲ ਨਹੀਂ।



ਕਮਲਇੰਦਰਜੀਤ ਸਿੰਘ ਬਾਜਵਾ
ਬਲਾਕ ਟੈਕਨੋਲੋਜੀ ਮੈਨੇਜਰ, ਖੇਤੀਬਾੜੀ ਵਿਭਾਗ, ਕਾਹਨੂੰਵਾਨ, ਜ਼ਿਲ੍ਹਾ ਗੁਰਦਾਸਪੁਰ
ਮੋ. 98150-82401

## ਯੂ-ਟਿਊਬ ਤੋਂ ਸੁਭਾਸ਼ ਪਾਲੇਕਰ ਜੀਵ ਅੰਮ੍ਰਿਤ ਤਿਆਰ ਵਿਧੀ, ਅੰਮ੍ਰਿਤਸਰ ਪਿੰਗਲਵਾੜੇ ਦਾ ਖੇਤੀ ਲਿਟਰੇਚਰ, ਗੁੱਡ ਗਰੋ ਫਗਵਾੜਾ ਮਾਡਲ, ਗੁਰਮੁੱਖ ਸਿੰਘ ਰੰਗੀਲਪੁਰ ਰਹੇ ਸੇਧਕ, ਪੀ ਏ ਯੂ ਅਤੇ ਖੇਤੀਬਾੜੀ ਵਿਭਾਗ ਦੇ ਕਿਸਾਨ ਮੇਲਿਆਂ 'ਚ ਕਰਦੇ ਸ਼ਮੂਲੀਅਤ



**ਆਓ ਗੱਲ ਕਰੀਏ ਕਿਸਾਨ ਵੀਰ ਨਾਲ**

**ਕਿਸਾਨੀ ਤਜ਼ਰਬੇ** : ਕਿਸਾਨ ਬੂਟਾ ਸਿੰਘ ਨੇ ਕਿਹਾ ਕਿ ਬੇਸ਼ੱਕ ਮੈਂ ਖੇਤ ਨੂੰ ਅੱਗ ਨਹੀਂ ਲਗਾਉਂਦਾ ਜਾਂ ਕੁਦਰਤੀ ਖੇਤੀ ਤੇ ਇੰਟਰਕਰੋਪਿੰਗ ਕਰਦਾ ਹਾਂ ਪਰ ਮੇਰਾ ਪਰਿਵਾਰ ਵੀ ਇਸ ਕੰਮ ਤੋਂ ਅਗਿਆਨਤਾ ਵੱਸ ਖੁਸ਼ ਨਹੀਂ ਹੈ ਅਤੇ ਪਿੰਡ ਦੇ ਲੋਕ ਵੀ ਏਸੇ ਕਰਕੇ ਮੇਰੇ ਤੇ ਹੱਸਦੇ ਹਨ। ਮੈਨੂੰ ਲੱਗਦਾ ਹੈ ਕਿ ਮੈਂ ਕੁਦਰਤ ਨਾਲ ਜੁੜਿਆ ਹਾਂ। ਕੁਦਰਤ ਦੇ ਨਿਯਮਾਂ ਦੇ ਉਲਟ ਨਹੀਂ ਗਿਆ। ਉਹਨਾਂ ਕਿਹਾ ਕਿ ਮੈਂ ਜਦੋਂ 10 ਸਾਲ ਪਹਿਲਾਂ ਖੇਤ ਦੀ ਮਿੱਟੀ ਨੂੰ ਅੱਗ ਲਗਾਈ ਸੀ ਤਾਂ ਖੇਤ ਚ ਜਾ ਕੇ ਦੇਖਿਆ ਕਿ ਮਿੱਟੀ ਬਹੁਤ ਸਖਤ ਹੋਈ ਸੀ ਤੇ ਜਦੋਂ ਫੜਿਆ ਤਾਂ ਅਸਲ ਵਿਚ ਉਹ ਸੜ ਗਈ ਸੀ। ਮੈਨੂੰ ਦਿਲੋਂ ਦੁੱਖ ਹੋਇਆ ਕਿ ਜਿਸ ਧਰਤੀ ਨੇ ਸਾਨੂੰ ਖਵਾਇਆ, ਆਰਥਿਕ ਤੌਰ ਤੇ ਤਕੜਾ ਕੀਤਾ ਤੇ ਅਸੀਂ ਉਸਨੂੰ ਬੰਜਰ ਕਰਕੇ ਸਾੜ ਰਹੇ ਹਾਂ। ਮੇਰਾ ਮਨ ਬਹੁਤ ਝੰਜੋੜਿਆ ਮੁੜ ਪਾਪ ਕਰਨ ਦਾ ਖਿਆਲ ਛਡ ਕਦੇ ਅੱਗ ਨਹੀਂ ਲਗਾਈ।



ਅੱਜ ਮੇਰੇ ਖੇਤ 'ਚ ਖੁੱਲ੍ਹੇ ਗੰਡੋਏ ਮਿੱਤਰ ਜੀਵ ਤੇ ਪੰਛੀਆਂ ਦੀਆਂ ਲਹਿਰਾ ਬਹਿਰਾਂ ਹਨ। ਤਜ਼ਰਬੇ ਦੀ ਗੱਲ ਕਰਦੇ ਕਿਹਾ ਕਿ ਪਿਛਲੇ ਸੀਜ਼ਨ ਤੇ ਮੇਰੇ ਗੁਆਂਢੀ ਦੇ ਖੇਤ 'ਚ ਬਰਸੀਮ ਦੀ ਸੁੰਡੀ ਜੋ ਕਿ ਮੇਰੇ ਮੂੰਗੀ ਜੋ ਕਿ ਘੱਟ ਖਾਦ ਵਾਲੀ ਫਸਲ ਨੂੰ ਵੀ ਖਾ ਗਈ, ਪਰ ਉਸ ਖੇਤ ਦੇ ਨਾਲ ਜਿਹੜੀ ਮੂੰਗੀ ਜੀਵ ਅੰਮ੍ਰਿਤ ਤਿਆਰ ਕਰਕੇ ਬਿਜਾਈ ਕੀਤੀ ਸੀ, ਉਸ ਨੂੰ ਨਹੀਂ ਖਾ ਸਕੀ। ਇਹ ਵੀ ਵਿਚਾਰ ਕਰਨ ਵਾਲੀ ਗੱਲ ਹੈ। ਮਿੱਠੀ ਤੇ ਕੁਦਰਤੀ ਸੋਮਿਆਂ ਦੁਆਰਾ ਤਿਆਰ ਫਸਲ ਨੂੰ ਪੰਛੀਆਂ ਦੇ ਨਾਲ ਪਸ਼ੂਆਂ ਨੂੰ ਵੀ ਖਿੱਚ ਲਿਆਉਣ ਲਈ ਖੁਸ਼ਬੂ ਉਹਨਾਂ ਦੀ ਪਹਿਲੀ ਪਸੰਦ ਹੈ ਜੋ ਨੁਕਸਾਨ ਜ਼ਰੂਰ ਕਰਦੇ ਹਨ। ਮੈਨੂੰ ਲੱਗਦਾ ਹੈ ਮੈਂ ਕੁਦਰਤ ਨਾਲ ਜੁੜਿਆ ਹਾਂ। ਕੁਦਰਤ ਦੇ ਨਿਯਮਾਂ ਦੇ ਉਲਟ ਨਹੀਂ ਗਿਆ। ਕਣਕ ਦੇਸੀ ਕਿਸਮ ਸੋਨਾ ਮੋਤੀ ਕੁਦਰਤੀ ਖੇਤੀ ਰਾਹੀਂ ਤਿਆਰ ਕਰਦੇ ਹਾਂ। ਖੇਤੀ ਰਾਹੀਂ ਤਿਆਰ ਕਰਦੇ ਹਾਂ। ਇੰਟਰਕਰੋਪਿੰਗ 'ਚ ਰਨੇ ਦੀ ਕਿਸਮ 64, 95 ਤੇ 23 ਦਾ ਇਕ ਇਕ ਸਿਆੜ ਤੇ ਇਕ ਇਕ ਸਿਆੜ ਤੇ ਇਕ ਅਮਰੀਕਨ ਕਿਸਮ ਦਾ ਗੰਨਾ ਲਗਾਇਆ ਜੋ ਬਾਕੀਆਂ ਨਾਲੋਂ ਬੂਟਾ ਵੱਧ ਕੀਤਾ। ਉਹਨਾਂ ਕਿਹਾ ਮੈਂ ਕਣਕ ਦੇ ਨਾੜ ਨੂੰ ਵੱਤਰ 'ਚ ਵਾਹ ਕੇ ਮੁੜ ਪੰਦਰਾਂ ਦਿਨਾਂ ਬਾਅਦ ਪਾਣੀ ਲਗਾ ਕੇ ਮੂੰਗੀ ਜਾਂ ਜੰਤਰੀ ਦਾ ਛੱਟਾ ਦੇ ਦਿੱਤਾ ਜਾਂਦਾ। ਬਾਅਦ ਵਿਚ ਪਾਣੀ ਲਗਾ ਕੇ ਸੁਹਾਗਾ ਮਾਰ ਵਿਚ ਵਹਾ ਦਿੱਤਾ ਜਾਂਦਾ ਹੈ ਲੋਕ ਕਹਿੰਦੇ ਮੁੱਢ 'ਚ ਝੋਨਾ ਨਹੀਂ ਲੱਗਦਾ ਸਾਡੇ ਖੇਤ ਚ ਮੁੱਢ ਲੱਭ ਕੇ ਦੱਸ ਦਿਉ ਸਭ ਗਲ ਜਾਂਦਾ ਹੈ। ਝੋਨੇ ਦੇ ਹਰੇ ਵੱਡ ਨੂੰ ਵੀ ਮਸ਼ੀਨਰੀਆਂ ਨਾਲ ਖੇਤ 'ਚ ਰਲਾ ਦਿੰਦੇ ਹਾਂ। ਹੋਰ ਤਜਰਬੇ ਬਾਰੇ ਕਿਹਾ ਮੈਂ ਨਰਮੇ ਤੇ ਮੂੰਗਫਲੀ ਦੀ ਵੀ ਬਿਜਾਈ ਕੀਤੀ ਜੋ ਵਧੀਆ ਰਹੀ ਪਰ ਅਖੀਰ ਚ ਕਾਲੇ ਤੇਲੇ ਨੇ ਨਰਮੇ ਦਾ ਨੁਕਸਾਨ ਕੀਤਾ ਪਰ ਮੈਂ ਕੋਈ ਸਪਰੇਅ ਨਹੀਂ ਕੀਤੀ ਜੇ ਕੀਤੀ ਹੁੰਦੀ ਤਾਂ ਫਸਲ ਇਸ ਜ਼ਮੀਨ 'ਚ ਕਾਰਗਰ ਹੈ। ਮਿੱਟੀ 'ਚ ਸੂਖਮ ਜੀਵਾਂ ਦੀ ਗਿਣਤੀ ਵਧਾਉਣ ਤੇ ਕੁਦਰਤੀ ਖਾਦ ਵਜੋਂ ਮਹੀਨੇ ਦੇ ਮਹੀਨੇ ਜੀਵ ਅੰਮ੍ਰਿਤ ਤਿਆਰ ਕਰਕੇ ਪਾਣੀ ਦੇ ਨਾਲ ਖੇਤ ਨੂੰ ਪਾਉਂਦੇ ਹਾਂ। ਏਸ ਖੇਤੀ ਵਿਚ ਸਾਡੇ ਵੀਰ ਗੁਰਮੁਖ ਸਿੰਘ ਪਿੰਡ ਰੰਗੀਲਪੁਰ ਹੁਰਾਂ ਨਾਲ ਗੱਲਬਾਤ ਸੇਧ ਦਿੰਦੀ ਹੈ। ਉਹਨਾਂ ਕਿਹਾ ਕਿ ਬਹੁਤੇ ਨਦੀਨ ਤੇ ਕੀਟਾਂ ਨੂੰ ਫਸਲੀ ਜ਼ਮੀਨ ਦੀ ਥਾਂ ਬਦਲਣ ਨਾਲ ਘਟਾਏ ਜਾ ਸਕਦੇ ਹਨ।

ਚੱਲਦਾ...

# ਡਾ. ਮਲਵਿੰਦਰ ਸਿੰਘ ਮਲ੍ਹੀ ਅਤੇ ਡਾ. ਕੋਮਲ ਚੋਪੜਾ ਲੇਖੀ ਨੇ ਸੈਨ ਜੋਸ ਸਟੇਟ ਯੂਨੀਵਰਸਿਟੀ ਵਿਚ ਕਾਰੋਬਾਰੀ ਨਵੀਨਤਾ, ਤਕਨਾਲੋਜੀ ਅਤੇ ਸਟਾਰਟਅਪਸ ਬਾਰੇ ਆਲਮੀ ਕਾਨਫਰੰਸ ਵਿਚ ਭਾਸ਼ਣ ਦਿੱਤੇ

ਪਿਛਲੇ ਦਿਨੀਂ ਡਾ. ਮਲਵਿੰਦਰ ਸਿੰਘ ਮਲ੍ਹੀ, ਗਲੋਬਲ ਫਾਰਮਰ ਨੈੱਟਵਰਕ (ਆਇਵਾ) ਦੇ ਮੈਂਬਰ ਅਤੇ ਖੇਤੀਬਾੜੀ ਸਲਾਹਕਾਰ ਅਤੇ ਡਾ. ਕੋਮਲ ਚੋਪੜਾ ਲੇਖੀ, ਆਦਵੀ ਬਿਜਨੈੱਸ ਸਟਰਕਚਰਜ਼ ਐੱਲ ਐੱਲ ਪੀ ਦੀ ਫਾਊਂਡਰ ਅਤੇ ਸੀ ਈ ਓ ਅਤੇ ਗੂਗਲ ਇਮਰਸ਼ਨ ਨੌਨ-ਪ੍ਰਾਫਿਟ ਸਲਾਹਕਾਰ ਨੇ ਸੈਨ ਜੋਸ ਸਟੇਟ ਯੂਨੀਵਰਸਿਟੀ, ਕੈਲੀਫੋਰਨੀਆ (ਸੰਯੁਕਤ ਰਾਜ) ਵਿਚ ਹੋਏ ਇੰਟਰਨੈਸ਼ਨਲ ਕਾਨਫਰੰਸ ਆਨ ਬਿਜ਼ਨਸ ਇਨੋਵੇਸ਼ਨ ਟੈਕਨੋਲੋਜੀ ਸਟਾਰਟਅਪਸ ਵਿਚ ਕੀ ਨੋਟ ਭਾਸ਼ਣ ਦਿੱਤੇ।

ਡਾ. ਮਲ੍ਹੀ ਦੇ ਭਾਸ਼ਣ ਨੇ ਕਿਸਾਨਾਂ ਲਈ ਨਵੀਂ ਤਕਨਾਲੋਜੀਆਂ ਅਪਣਾਉਣ ਦੇ ਚੁਣੌਤੀਆਂ ਅਤੇ ਸਥਿਰ ਖੇਤੀਬਾੜੀ ਪ੍ਰਚਲਨਾ ਦੀ ਮਹੱਤਤਾ 'ਤੇ ਧਿਆਨ ਕੇਂਦ੍ਰਿਤ ਕੀਤਾ। 38 ਸਾਲਾਂ ਤੋਂ ਵੱਧ ਖੇਤੀਬਾੜੀ ਸਲਾਹਕਾਰ ਦੇ ਤੌਰ 'ਤੇ ਦੇ ਅਨੁਭਵ ਨਾਲ, ਉਨ੍ਹਾਂ ਨੇ ਉਹਨਾਂ ਨਵੀਨਤਮ ਹੱਲਾਂ ਦੀ ਜਾਣਕਾਰੀ ਸਾਂਝੀ ਕੀਤੀ ਜੋ ਕਿਸਾਨਾਂ ਨੂੰ ਸਸ਼ਕਤ ਕਰ ਸਕਦੀਆਂ ਹਨ ਅਤੇ ਫਸਲਾਂ ਦੀ ਉਪਜ ਨੂੰ ਬਿਹਤਰ ਬਣਾ ਸਕਦੀਆਂ ਹਨ।



ਡਾ. ਚੋਪੜਾ ਲੇਖੀ ਨੇ ਖੇਤੀਬਾੜੀ ਖੇਤਰ ਵਿਚ ਕ੍ਰਿਤ੍ਰਿਮ ਬੁੱਧੀ (AI) ਦੀ ਭੂਮਿਕਾ 'ਤੇ ਚਰਚਾ ਕੀਤੀ, ''ਕਿਸਾਨਾਂ ਲਈ ਖੇਤੀਬਾੜੀ ਇਨਕਲਾਬ ਵਿਚ AI-ਚੁਣੌਤੀਆਂ ਦਾ ਸਾਹਮਣਾ ਕਰਨਾ ਅਤੇ ਸਥਿਰਤਾ ਨੂੰ ਵਧਾਉਣਾ 'ਤੇ ਪ੍ਰਸਤੁਤੀ ਦਿੱਤੀ। ਉਨ੍ਹਾਂ ਦੇ ਭਾਸ਼ਣ ਨੇ ਕਿਸਾਨਾਂ ਦੇ ਸਾਹਮਣੇ ਆਉਣ ਵਾਲੀਆਂ ਵਿਲੱਖਣ ਚੁਣੌਤੀਆਂ ਨੂੰ ਦੂਰ ਕਰਨ, ਉਪਜ ਨੂੰ ਵਧਾਉਣ ਅਤੇ ਉਦਯੋਗ ਵਿਚ ਸਥਿਰਤਾ ਨੂੰ ਪ੍ਰਵਰਤਿਤ ਕਰਨ ਵਿਚ AI ਦੀ ਮਹੱਤਵਪੂਰਣ ਭੂਮਿਕਾ 'ਤੇ ਜ਼ੋਰ ਦਿੱਤਾ।

ਇਹ ਕਾਨਫਰੰਸ AI ਹੱਬ ਆਸਟ੍ਰੇਲੀਆ, ਸੈਨ ਜੋਸ ਸਟੇਟ ਯੂਨੀਵਰਸਿਟੀ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਸਹਿਯੋਗ ਨਾਲ ਹੋਈ, ਜਿਸ ਵਿਚ ਖੇਤੀਬਾੜੀ, ਤਕਨਾਲੋਜੀ ਅਤੇ ਡਿਜੀਟਲ ਮਾਰਕੀਟਿੰਗ ਦੇ ਪ੍ਰਮੁੱਖ ਵਿਦਵਾਨ ਇਕੱਠੇ ਹੋਏ ਤਾਂ ਜੋ ਖੇਤੀਬਾੜੀ ਦੇ ਖੇਤਰ ਵਿਚ ਬਦਲਾਅਕਾਰੀ ਹੱਲਾਂ 'ਤੇ ਗੱਲ ਕਰ ਸਕਣ। ਡਾ. ਮਲ੍ਹੀ ਅਤੇ ਡਾ. ਚੋਪੜਾ ਲੇਖੀ ਨੇ ਇਕੱਠੇ ਹੋ ਕੇ ਕਿਸਾਨਾਂ ਨੂੰ ਵਿਸ਼ਵ ਪੱਧਰ 'ਤੇ ਸਹਿਯੋਗ ਦੇਣ ਲਈ ਨਵੀਨਤਮ ਤਕਨਾਲੋਜੀਆਂ ਅਤੇ ਸਹਿਕਾਰੀ ਰਵਾਇਤਾਂ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਡਾ. ਮਲ੍ਹੀ ਨੇ ਕਿਹਾ, ''ਸਹੀ ਸਾਜ਼ੋ-ਸਮਾਨ ਅਤੇ ਗਿਆਨ ਨਾਲ ਕਿਸਾਨਾਂ ਨੂੰ ਸਸ਼ਕਤ ਕਰਨਾ ਖੇਤੀ ਦੇ ਭਵਿੱਖ ਲਈ ਬਹੁਤ ਜ਼ਰੂਰੀ ਹੈ।''

ਡਾ. ਚੋਪੜਾ ਲੇਖੀ ਨੇ ਜੋੜਿਆ, ''ਖੇਤੀ ਵਿਚ AI ਤਕਨਾਲੋਜੀ ਨੂੰ ਲਾਗੂ ਕਰਨਾ ਜੀਵਨ ਯਾਪਨ ਵਿਚ ਸਾਫ ਸੁਧਾਰ ਕਰ ਸਕਦਾ ਹੈ ਅਤੇ ਸਭ ਲਈ ਇਕ ਵਧੀਆ ਸਥਿਰ ਭਵਿੱਖ ਵਾਸਤੇ ਯੋਗਦਾਨ ਪਾ ਸਕਦਾ ਹੈ।''



# ਸਾਉਣੀ ਦੀਆਂ ਫਸਲਾਂ ਵਿਚ ਪੋਟਾਸ਼ੀਅਮ ਨਾਈਟ੍ਰੇਟ ਦੀ ਮਹੱਤਤਾ ਅਤੇ ਸਿਫਾਰਸ਼ਾਂ

**ਬਲਕਰਨ ਸਿੰਘ ਸੰਧੂ, ਗੁਰਮੇਲ ਸਿੰਘ ਸੰਧੂ ਅਤੇ ਵਿਵੇਕ ਕੁਮਾਰ**
**ਰਾਜਾ ਹਰਿੰਦਰ ਸਿੰਘ ਸੀਡ ਫਾਰਮ, ਫਰੀਦਕੋਟ ਮੋਬਾਇਲ : 97811-28000**



ਸਾਉਣੀ ਦੀਆਂ ਫਸਲਾਂ ਵਿਚ ਪੋਟਾਸ਼ ਬਹੁਤ ਮਹੱਤਵਪੂਰਨ ਤੱਤ ਹੈ । ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਅਨੁਸਾਰ ਝੋਨੇ ਦੀ ਫਸਲ ਵਿਚ ਪੋਟਾਸ਼ ਦੀ ਘਾਟ ਵਾਲੀਆਂ ਜ਼ਮੀਨਾਂ ਵਿਚ ਬਿਜਾਈ ਸਮੇਂ 12 ਕਿਲੋ ਪ੍ਰਤੀ ਏਕੜ ਪੋਟਾਸ਼ (20 ਕਿਲੋ ਪ੍ਰਤੀ ਏਕੜ ਮਿਊਰੇਟ ਆਫ ਪੋਟਾਸ਼) ਦੀ ਸਿਫਾਰਿਸ਼ ਕੀਤੀ ਜਾਂਦੀ ਹੈ । ਪਰ ਝੋਨੇ ਵਿਚ ਵੱਧ ਝਾੜ ਲੈਣ ਲਈ ਪੋਟਾਸ਼ੀਅਮ ਨਾਈਟ੍ਰੇਟ ਦੇ ਛਿੜਕਾਅ ਦੀ ਵੀ ਬਹੁਤ ਜਰੂਰਤ ਹੈ । ਜਦੋ ਝੋਨਾ ਗੋਭ ਵਿਚ ਹੋਵੇ ਤਾਂ 1.5% ਪੋਟਾਸ਼ੀਅਮ ਨਾਈਟ੍ਰੇਟ (3 ਕਿਲੋ ਪੋਟਾਸ਼ੀਅਮ ਨਾਈਟ੍ਰੇਟ 200 ਲਿਟਰ ਪਾਣੀ ਵਿਚ ਪ੍ਰਤੀ ਏਕੜ) ਦਾ ਛਿੜਕਾਅ ਕਰਨਾ ਚਾਹੀਦਾ ਹੈ । ਪੋਟਾਸ਼ੀਅਮ ਨਾਈਟ੍ਰੇਟ ਦਾ ਬਹੁਤ ਵੱਡਾ ਯੋਗਦਾਨ ਹੈ।

ਨਰਮਾ/ਕਪਾਹ ਦੀ ਫਸਲ ਲਈ ਰੇਤਲੀਆਂ ਜ਼ਮੀਨਾਂ ਵਿਚ ਬਿਜਾਈ ਸਮੇਂ 20 ਕਿਲੋ ਮਿਊਰੇਟ ਆਫ ਪੋਟਾਸ਼ (12 ਕਿਲੋ ਪ੍ਰਤੀ ਏਕੜ ਪੋਟਾਸ਼) ਦੀ ਸਿਫਾਰਿਸ਼ ਕੀਤੀ ਜਾਂਦੀ ਹੈ । ਪਰ ਨਰਮੇ ਦੀ ਫਸਲ ਵਿਚ ਫੁੱਲ-ਗੁੱਡੀ ਡਿੱਗਣ ਦੀ ਸਮੱਸਿਆ ਬਹੁਤ ਆਉਂਦੀ ਹੈ, ਇਸ ਲਈ ਨਰਮੇ ਦੀ ਫਸਲ ਵਿਚ ਫੁੱਲਾਂ ਦੀ ਸ਼ੁਰੂਆਤ ਹੋਣ ਤੋਂ ਬਾਅਦ ਪੋਟਾਸ਼ੀਅਮ ਨਾਈਟ੍ਰੇਟ ਦੇ ਛਿੜਕਾਅ ਦੀ ਬਹੁਤ ਜ਼ਰੂਰਤ ਹੈ । ਨਰਮੇ ਦੀ ਫਸਲ ਤੋਂ ਵੱਧ ਝਾੜ ਲੈਣ ਲਈ 2% ਪੋਟਾਸ਼ੀਅਮ ਨਾਈਟ੍ਰੇਟ (13:0:45) ਦਾ ਫੁੱਲਾਂ ਦੇ ਸ਼ੁਰੂ ਹੋਣ ਤੋਂ ਲੈ ਕੇ ਇਕ ਹਫਤੇ ਦੇ ਵਕਫੇ ਤੇ 4 ਵਾਰ ਛਿੜਕਾਅ ਕਰੋ । ਪੋਟਾਸ਼ੀਅਮ ਤੱਤ ਲਈ ਸਿਰਫ ਪੋਟਾਸ਼ੀਅਮ ਨਾਈਟ੍ਰੇਟ (13:0:45) ਦੀ ਹੀ ਵਰਤੋਂ ਕਰੋ, ਇਸ ਵਿਚ 45 ਪ੍ਰਤੀਸ਼ਤ ਪੋਟਾਸ਼ ਤੱਤ ਹੁੰਦਾ ਹੈ ।

**ਪੋਟਾਸ਼ੀਅਮ ਨਾਈਟ੍ਰੇਟ ਦਾ ਛਿੜਕਾਅ ਕਰਨ ਦੇ ਲਾਭ**

★ ਪੋਟਾਸ਼ ਤੱਤ ਨੂੰ ਪੂਰਾ ਕਰਨ ਲਈ ਪੋਟਾਸ਼ੀਅਮ ਨਾਈਟ੍ਰੇਟ ਇਕ ਮੱਹਤਵਪੂਰਨ ਖਾਤ ਹੈ, ਕਿਉਂਕਿ ਇਹ ਦੋ ਜ਼ਰੂਰੀ ਪੌਸ਼ਟਿਕ ਤੱਤਾਂ, ਨਾਈਟ੍ਰੋਜਨ ਅਤੇ ਪੋਟਾਸ਼ੀਅਮ ਦਾ ਇਕ ਸਰੋਤ ਹੈ, ਜਿਸਦੀ ਜ਼ਿਆਦਾਤਰ ਫਸਲਾਂ ਨੂੰ ਵੱਡੀ ਲੋੜ ਹੁੰਦੀ ਹੈ ।

★ ਪੋਟਾਸ਼ੀਅਮ ਨਾਈਟ੍ਰੇਟ ਫਸਲਾਂ ਦਾ ਝਾੜ ਅਤੇ ਗੁਣਵੱਤਾਂ ਵੀ ਵਧਾਉਂਦਾ ਹੈ ।

★ ਪੋਟਾਸ਼ੀਅਮ ਨਾਈਟ੍ਰੇਟ ਫਸਲਾਂ ਨੂੰ ਤੇਜ਼ੀ ਨਾਲ ਵਧਣ, ਮਜ਼ਬੂਤ ਜੜ੍ਹਾਂ ਅਤੇ ਬੀਜਾਂ ਨੂੰ ਵਿਕਸਿਤ ਕਰਨ ਅਤੇ ਸਮੇਂ ਸਿਰ ਪੱਕਣ ਵਿਚ ਮਦਦ ਕਰਦਾ ਹੈ ।

★ ਪੋਟਾਸ਼ੀਅਮ ਨਾਈਟ੍ਰੇਟ ਫਸਲਾਂ ਨੂੰ ਕੀੜਿਆਂ, ਬਿਮਾਰੀਆਂ ਅਤੇ ਠੰਡ ਦਾ ਵਿਰੋਧ ਕਰਨ ਵਿਚ ਮਦਦ ਕਰਦਾ ਹੈ ।

★ ਪੋਟਾਸ਼ੀਅਮ ਨਾਈਟ੍ਰੇਟ ਦੀ ਵਰਤੋਂ ਫਸਲ ਦੀ ਸੋਕੇ ਪ੍ਰਤੀ ਸਹਿਣਸ਼ੀਲਤਾ ਵਿਚ ਸੁਧਾਰ ਕਰ ਸਕਦੀ ਹੈ ।

★ ਪੋਟਾਸ਼ੀਅਮ ਨਾਈਟ੍ਰੇਟ ਫਸਲਾਂ ਨੂੰ ਪਾਣੀ ਦੀ ਵਧੇਰੇ ਕੁਸ਼ਲਤਾ ਨਾਲ ਵਰਤੋਂ ਕਰਨ ਵਿਚ ਮਦਦ ਕਰਦਾ ਹੈ ।


# ਪੱਤਝੜ ਦੀ ਰੁੱਤ ਦਾ ਅਨੰਦ ਮਾਣੀਏ

ਇਕ ਅਕਤੂਬਰ ਨੂੰ ਸਾਰੇ ਸੰਸਾਰ ਵਿਚ ਬਜ਼ੁਰਗ ਦਿਵਸ ਦੇ ਰੂਪ ਵਿਚ ਮਨਾਇਆ ਜਾਂਦਾ ਹੈ । ਇਸ ਸਬੰਧੀ ਫੈਸਲਾ ਸੰਯੁਕਤ ਰਾਸ਼ਟਰ ਦੀ ਜਨਰਲ ਅਸੈਂਬਲੀ ਵੱਲੋਂ 14 ਦਸੰਬਰ 1990 ਨੂੰ ਆਪਣੇ ਮਤੇ 45/106 ਰਾਹੀਂ ਕੀਤਾ ਗਿਆ ਸੀ । ਇਸ ਦਿਨ ਵੇਖਿਆ ਜਾਂਦਾ ਹੈ ਕਿ ਸਰਕਾਰ ਵੱਲੋਂ ਬਜ਼ੁਰਗਾਂ ਨੂੰ ਕਿਹੜੀਆਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ ਅਤੇ ਹੋਰ ਉਨ੍ਹਾਂ ਲਈ ਕੀ ਕੀਤਾ ਜਾ ਸਕਦਾ ਹੈ । ਇਸ ਬਾਰੇ ਵੀ ਸੋਚ ਵਿਚਾਰ ਕੀਤੀ ਜਾਂਦੀ ਹੈ ਕਿ ਬਜ਼ੁਰਗਾਂ ਦੇ ਜੀਵਨ ਅਨੁਭਵ ਨੂੰ ਸਮਾਜ ਦੀ ਭਲਾਈ ਲਈ ਕਿਵੇਂ ਵਰਤਿਆ ਜਾ ਸਕਦਾ ਹੈ ।

ਮਨੁੱਖ ਨੂੰ ਆਪ ਵੀ ਆਪਣੇ ਬਾਰੇ ਸੋਚਣਾ ਚਾਹੀਦਾ ਹੈ ਤਾਂ ਜੋ ਉਹ ਆਪਣੀ ਪਿਛਲੀ ਉਮਰ ਨੂੰ ਸਾਰਥਿਕ ਢੰਗ ਨਾਲ ਜੀਵੇ ਤੇ ਜੀਵਨ ਦਾ ਪੂਰਾ ਅਨੰਦ ਮਾਣੇ । ਜਦੋਂ ਇਨਸਾਨ 60ਵਿਆਂ ਨੂੰ ਟੱਪਦਾ ਹੈ ਤਾਂ ਉਸ ਅੰਦਰ ਬੁਢਾਪੇ ਰੂਪੀ ਦੈਂਤ ਦਾ ਡਰ ਸਤਾਉਣ ਲੱਗਦਾ ਹੈ । ਸਮਾਂ ਤਾਂ ਆਪਣੀ ਤੋਰੇ ਤੁਰਦਾ ਹੀ ਹੈ ਪਰ ਸਾਡੇ ਸਮਾਜ ਵਿਚ ਅਜੇਹੀ ਸੋਚ ਪੈਦਾ ਕਰ ਦਿੱਤੀ ਗਈ ਹੈ ਜਿਵੇਂ ਬੁਢਾਪਾ ਕੋਈ ਸਰਾਪ ਹੋਵੇ । ਇਸ ਤਾਂ ਆਉਣਾ ਹੀ ਹੈ । ਲੋੜ ਇਸ ਪਤਝੜ ਦੀ ਰੁੱਤ ਦਾ ਅਨੰਦ ਮਾਨਣ ਦੀ ਜਾਂਚ ਸਿੱਖਣ ਦੀ ਹੈ । ਜਿੱਥੇ ਮਨੁੱਖ ਨੂੰ ਇਸ ਦਾ ਖਿੜੇ ਮੱਥੇ ਸਵਾਗਤ ਕਰਨਾ ਚਾਹੀਦਾ ਹੈ ਉੱਥੇ ਸਮਾਜ ਵਿਚ ਵੀ ਇਹ ਸੋਚ ਬਦਲੀ ਜਾਵੇ ਕਿ ਪਿਛਲੀ ਉਮਰ ਵਿਚ ਕੋਈ ਤਰਸ ਦਾ ਪਾਤਰ ਨਹੀਂ ਬਣ ਜਾਂਦਾ ਸਗੋਂ ਸਤਿਕਾਰ ਦਾ ਪਾਤਰ ਬਣ ਜਾਂਦਾ ਹੈ ।

ਪਰ ਜਦੋਂ ਛੀਕੇ ਨਾ ਲਗਿਆਂ ਏਕਾ ਆਪਣੀ ਥਾਂ ਬਦਲਦਾ ਹੈ ਤਾਂ ਇਹੋ ਸਰੀਰ ਡੁੱਬਦੇ ਸੂਰਜ ਦਾ ਪ੍ਰਤੀਕ ਬਣ ਜਾਂਦਾ ਹੈ । ਡੁੱਬਦਾ ਸੂਰਜ ਰੂਹ ਨੂੰ ਸਕੂਨ ਤਾਂ ਭਾਵੇਂ ਦੇ ਸਕੇ ਪਰ ਉਤਸ਼ਾਹ ਅਤੇ ਉਮੰਗਾਂ ਪ੍ਰਦਾਨ ਨਹੀਂ ਕਰ ਸਕਦਾ । ਰਾਤੋ ਰਾਤ ਬਦਲੀ ਇਸ ਸਥਿਤੀ ਦਾ ਅਹਿਸਾਸ ਉਥੋਂ ਹੁੰਦਾ ਹੈ ਜਦੋਂ ਤੁਹਾਡਾ ਨਾ ਬਜ਼ੁਰਗ ਸ਼੍ਰੇਣੀਆਂ ਦੀ ਸੂਚੀ ਵਿਚ ਆ ਜਾਂਦਾ ਹੈ । ਇਸ ਦਾ ਅਹਿਸਾਸ ਉਦੋਂ ਵੀ ਹੁੰਦਾ ਹੈ ਜਦੋਂ ਤੁਸੀਂ ਦੂਜਿਆਂ ਦੇ ਤਰਸ ਰੂਪੀ ਸਤਿਕਾਰ ਦਾ ਪਾਤਰ ਬਣ ਜਾਂਦੇ ਹੋ । ਇਸ ਦਾ ਅਹਿਸਾਸ ਉਦੋਂ ਵੀ ਹੁੰਦਾ ਹੈ ਜਦੋਂ ਬਸ ਵਿਚ ਸੀਟਾਂ ਨਾ ਹੋਣ ਉੱਤੇ ਕੋਈ ਨੌਜਵਾਨ ਆਪਣੀ ਥਾਂ ਖਾਲੀ ਕਰ ਦਿੰਦਾ ਹੈ ਜਾਂ ਜਦੋ ਰੇਲਵੇ ਦੀ ਟਿਕਟ ਲੈਣ ਲਈ ਲਾਈਨ ਵਿਚ ਖੜੇ ਹੋਇਆਂ ਨੂੰ ਕੋਈ ਆਖਦਾ ਹੈ, ''ਬਾਬਾ ਜੀ ਤੁਸੀਂ ਅੱਗੇ ਹੋ ਕੇ ਟਿਕਟ ਲੈ ਲਵੋ'' । ਜਦੋਂ ਬਾਬੂ ਟਿਕਟ ਦੇ ਪੈਸੇ ਘਟ ਲੈਂਦਾ ਹੈ ਤਾਂ ਇਸ ਦੀ ਖੁਸ਼ੀ ਹੋਣ ਦੀ ਥਾਂ ਆਪਣੇ-ਆਪ ਨੂੰ ਬੁੱਢੇ ਹੋਣ ਦਾ ਅਹਿਸਾਸ ਹੁੰਦਾ ਹੈ । ਬੈਂਕ ਵਿਚ ਬਾਬੂ ਜਨਮ ਮਿਤੀ ਦਾ ਸਰਟੀਫਿਕੇਟ ਮੰਗਦਾ ਹੈ ਤਾਂ ਜੋ ਅੱਧਾ ਪ੍ਰਤੀਸ਼ਤ ਵੱਧ ਵਿਆਜ ਦਿੱਤਾ ਜਾ ਸਕੇ ।

ਜਿਸ ਤਰ੍ਹਾਂ ਚੜ੍ਹਦੀ ਜਵਾਨੀ ਦਾ ਅਹਿਸਾਸ ਸਰੀਰ ਨੂੰ ਨਸ਼ਿਆ ਜਾਂਦਾ ਹੈ, ਉਸੇ ਤਰ੍ਹਾਂ ਇਕਦਮ ਹੋਏ ਬੁਢਾਪੇ ਦਾ ਅਹਿਸਾਸ ਸਰੀਰ ਨੂੰ ਨਿਮੋਝੂੰਣਾ ਕਰ ਦਿੰਦਾ ਹੈ । ਨਾ ਚਾਹੁੰਦਿਆਂ ਹੋਇਆਂ ਵੀ ਤੁਹਾਨੂੰ ਆਪਣੇ ਆਪ ਉੱਤੇ ਬੰਧਨ ਲਗਾਉਣ ਲਈ ਮਜਬੂਰ ਹੋਣਾ ਪੈਂਦਾ ਹੈ । ਘੁੰਮਣ ਫਿਰਨ ਉਤੇ ਰੋਕ ਲਗਾਉਣੀ ਪੈਂਦੀ ਹੈ । ਆਪਣੀ ਜੁਬਾਨ ਅਤੇ ਸਰੀਰ ਨੂੰ ਕਾਬੂ ਕਰਨਾ ਪੈਂਦਾ ਹੈ । ਆਪਣੇ ਹਰ ਪਾਸੇ ਬੰਦਸ਼ਾਂ ਹੀ ਬੰਦਸ਼ਾਂ ਉਸਾਰਨੀਆਂ ਪੈਂਦੀਆਂ ਹਨ ।



**ਡਾ. ਰਣਜੀਤ ਸਿੰਘ**

ਜਦੋਂ ਬੱਚੇ ਬਾਬਾ ਜੀ ਆਖ ਬੁਲਾਉਣ ਲਗਦੇ ਹਨ ਤਾਂ ਨਾ ਚਾਹੁੰਦਿਆਂ ਹੋਇਆਂ ਵੀ ਆਪਣੇ ਆਪ ਨੂੰ ਬੁੱਢਾ ਤਸਲੀਮ ਕਰਨਾ ਪੈਂਦਾ ਹੈ ।

ਪਤਝੜ ਦੇ ਇਸ ਮੌਸਮ ਦਾ ਅਨੰਦ ਮਾਨਣ ਲਈ ਆਪਣੇ ਆਪ ਨੂੰ ਮਾਨਸਿਕ ਤੌਰ 'ਤੇ ਵਿਸ਼ੇਸ਼ ਰੂਪ ਵਿਚ ਤਿਆਰ ਕਰਨ ਦੀ ਲੋੜ ਹੈ । ਜੇਕਰ ਅਜਿਹਾ ਨਾ ਕੀਤਾ ਜਾਵੇ ਤਾਂ ਫੁਟਦੀਆਂ ਕਰੂੰਬਲਾਂ ਦਾ ਅਨੰਦ ਲੈਣ ਦੀ ਥਾਂ ਝੜੇ ਹੋਏ ਪੱਤਿਆਂ ਵਾਂਗ ਹਵਾ ਦੇ ਰੁੱਖ ਰੁੜ੍ਹਨਾ ਪੈਂਦਾ ਹੈ । ਜਿਥੇ ਸੋਹਲਵੇਂ ਸਾਲ ਦੇ ਚੜ੍ਹਦਿਆਂ ਨਵੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਉੱਥੇ ਇਕਾਠਵੇਂ ਸਾਲ ਪ੍ਰਾਪਤੀਆਂ ਦੇ ਨਿੱਘ ਨੂੰ ਮਾਨਣ ਦਾ ਮੌਕਾ ਮਿਲਦਾ ਹੈ । ਚੜ੍ਹਦੀ ਜਵਾਨੀ ਵਿਚ ਜੇਕਰ ਸਵੈ ਕਾਬੂ ਰੱਖਦਿਆਂ ਜੀਵਨ ਨੂੰ ਸਹੀ ਦਿਸ਼ਾ ਨਿਰਦੇਸ਼ ਦਿੱਤਾ ਜਾਵੇ ਤਾਂ ਮੰਜਲ ਦੀ ਪ੍ਰਾਪਤੀ ਯਕੀਨੀ ਹੋ ਜਾਂਦੀ ਹੈ । ਇਸੇ ਤਰ੍ਹਾਂ ਬੁਢਾਪੇ ਦੀ ਸਹੀ ਸੰਭਾਲ ਆਖਰੀ ਸਮੇਂ ਨੂੰ ਆਨੰਦਮਈ ਬਣੀ ਸਕਦੀ ਹੈ ।

ਜੀਵਨ ਦੇ ਆਖਰੀ ਪੜਾਅ ਨੂੰ ਸੁੰਦਰ ਬਣਾਈ ਰੱਖਣ ਲਈ ਹਰ ਇਨਸਾਨ ਨੂੰ ਚਾਹੀਦਾ ਹੈ ਕਿ ਉਹ ਇਸ ਦੇ ਖਿੜੇ ਮੱਥੇ ਸਵਾਗਤ ਕਰੇ । ਜਵਾਨੀ ਦੇ ਦਿਨਾਂ ਵਿਚ ਕਾਰੋਬਾਰੀ ਅਤੇ ਘਰੇਗੀ ਰੁਝੇਵਿਆਂ ਵਿਚ ਘਿਰਿਆ ਮਨੁੱਖ ਆਪਣੇ ਮਨ ਦੀਆਂ ਖਾਹਿਸ਼ਾਂ ਅਤੇ ਲੋੜਾਂ ਨੂੰ ਪਾਸੇ ਰੱਖ ਦਿਨ ਰਾਤ ਮਿਹਨਤ ਕਰਦਾ ਹੈ । ਬੁਢਾਪਾ ਅਜਿਹਾ ਮੌਕਾ ਪ੍ਰਦਾਨ ਕਰਦਾ ਹੈ ਜਦੋਂ ਅਸੀਂ ਆਪਣੇ ਰੁਝੇਵਿਆਂ ਤੋਂ ਵਿਹਲੇ ਹੋ ਕੇ ਆਪਣੇ ਢੰਗ ਨਾਲ ਆਪਣੀ ਜ਼ਿੰਦਗੀ ਜੀਅ ਸਕਦੇ ਹਾਂ । ਆਪਣੀਆਂ ਦੱਬੀਆਂ ਕ੍ਰਿਆਤਮਕ ਤੇ ਕਲਾਤਮਕ ਖਾਹਿਸ਼ਾਂ ਦੀ ਪੂਰਤੀ ਵਲ ਧਿਆਨ ਦੇ ਸਕਦੇ ਹਾਂ । ਜਿਹੜੇ ਸ਼ੌਕ ਸਮੇਂ ਦੀ ਘਾਟ ਕਾਰਨ ਪੂਰੇ ਨਹੀਂ ਹੋ ਸਕੇ, ਉਨ੍ਹਾਂ ਵਲ ਮੁੜ ਧਿਆਨ ਦਿੱਤਾ ਜਾ ਸਕਦਾ ਹੈ । ਅਜਿਹਾ ਉਦੋਂ ਹੀ ਸੰਭਵ ਹੈ ਜਦੋਂ ਅਸੀਂ ਪਤਝੜ ਦੀ ਰੁੱਤ ਆਉਣ ਤੋਂ ਪਹਿਲਾਂ ਹੀ ਆਪਣੇ ਆਪ ਨੂੰ ਰੁੱਤ ਲਈ ਤਿਆਰ ਕਰ ਲਈਏ । ਜੀਵਨ ਦੇ ਸਮਾਜਿਕ, ਮਾਇਕ ਅਤੇ ਘਰੇਗੀ ਮਸਲਿਆਂ ਅਤੇ ਵਸੀਲਿਆਂ ਦੀ ਵਿਉਂਤ ਇਸ ਢੰਗ ਨਾਲ ਕਰੀਏ ਕਿ ਇਨ੍ਹਾਂ ਬਾਰੇ ਚਿੰਤਾ ਤੋਂ ਮੁਕਤੀ ਮਿਲ ਸਕੇ ।

ਨੌਕਰੀ ਕਰ ਰਹੇ ਲੋਕਾਂ ਦਾ ਇਹ ਪੜਾਅ ਸੇਵਾ ਮੁਕਤੀ ਪਿਛੋਂ ਸ਼ੁਰੂ ਹੁੰਦਾ ਹੈ ਜਦੋਂ ਕਿ ਕਾਰੋਬਾਰੀ ਇਨਸਾਨ ਹੌਲੀ ਹੌਲੀ ਆਪਣੇ ਆਪ ਨੂੰ ਕਾਰੋਬਾਰ ਤੋਂ ਅੱਡ ਕਰਦੇ ਜਾਂਦੇ ਹਨ । ਰੋਟੀ, ਕੱਪੜਾ ਅਤੇ ਮਕਾਨ ਮਨੁੱਖ ਦੀਆਂ ਮੁੱਢਲੀਆਂ ਲੋੜਾਂ ਹਨ । ਹਰ ਇਨਸਾਨ ਨੂੰ ਬੁਢਾਪਾ ਆਉਣ ਤੋਂ ਪਹਿਲਾਂ ਹੀ ਇਨ੍ਹਾਂ ਦਾ ਪ੍ਰਬੰਧ ਕਰ ਲੈਣਾ ਚਾਹੀਦਾ ਹੈ । ਜੇਕਰ ਇਨ੍ਹਾਂ ਪਾਸੋਂ ਨਿਸ਼ਚਿੰਤਤਾ ਹੋਵੇਗੀ ਫਿਰ ਬੁਢਾਪੇ ਦਾ ਡਰ ਤੰਗ ਨਹੀਂ ਕਰੇਗਾ । ਸੇਵਾ ਮੁਕਤੀ ਤੋਂ ਪਹਿਲਾਂ ਹਰ ਇਨਸਾਨ ਨੂੰ ਆਪਣੇ ਰਹਿਣ ਲਈ ਮਕਾਨ ਦਾ ਜਰੂਰ ਪ੍ਰਬੰਧ ਕਰ ਲੈਣਾ ਚਾਹੀਦਾ ਹੈ । ਮਾਇਕ ਵਸੀਲੇ ਵੀ ਇੰਨੇ ਕੁ ਕਰ ਲੈਣੇ ਚਾਹੀਦੇ ਹਨ ਕਿ ਬੁਢਾਪੇ ਵਿਚ ਰੋਟੀ ਕੱਪੜੇ ਦੀ ਲੋੜ ਪੂਰੀ ਹੁੰਦੀ ਰਹੇ । ਕਈ ਇਨਸਾਨ ਇਸ ਪਾਸਿਉਂ ਲਾਪਰਵਾਹੀ ਵਰਤ ਜਾਂਦੇ ਹਨ । ਉਨ੍ਹਾਂ ਲਈ ਕਿਰਾਏ ਦਾ ਮਕਾਨ ਹੀ ਵਧੀਆ ਹੁੰਦਾ ਹੈ । ਪਿਛਲੇ ਦਿਨਾਂ ਲਈ ਉਹ ਬੱਚਤ ਕਰਨ ਬਾਰੇ ਵੀ ਨਹੀਂ ਸੋਚਦੇ । ਉਨ੍ਹਾਂ ਦੀ ਦਲੀਲ ਹੁੰਦੀ ਹੈ ਕਿ ਜਿਸ ਪੈਦਾ ਕੀਤਾ ਹੈ, ਉਹ ਆਪਣੇ ਆਪ ਕੋਈ ਨਾ ਕੋਈ ਪ੍ਰਬੰਧ ਕਰ ਦੇਵੇਗਾ । ਕਈ ਲੋਕ ਵਧੇਰੇ ਭਾਵਨਾਤਮਕ ਹੁੰਦੇ ਹਨ । ਉਹ ਘਰ ਨੂੰ ਆਪਣੇ ਬੱਚਿਆਂ ਦੇ ਨਾਂ ਲੁਆ ਦਿੰਦੇ ਹਨ । ਪਿਆਰ ਆਪਣੀ ਥਾਂ ਹੈ, ਪਰ ਦੂਜਿਆਂ ਦੀ ਮੁਥਾਜੀ ਭੈੜੀ ਹੁੰਦੀ ਹੈ । ਆਪਣੇ ਕੋਲ ਘਰ ਦਾ ਹੋਣਾ ਇਕ ਆਤਮਕ ਵਿਸ਼ਵਾਸ ਹੁੰਦਾ ਹੈ ਜਿਸ ਨਾਲ ਮਨ ਅੰਦਰ ਕਿਤੇ ਲੁਕਿਆ ਹੋਇਆ ਡਰ ਹਮੇਸ਼ਾ ਲਈ ਦੂਰ ਹੋ ਜਾਂਦਾ ਹੈ । ਸੇਵਾ ਮੁਕਤੀ ਸਮੇਂ ਹਰ ਮੁਲਾਜ਼ਮ ਨੂੰ ਕੁਝ ਰਕਮ ਮਿਲਦੀ ਹੈ । ਇਸ ਰਕਮ ਦੀ ਇਸ ਢੰਗ ਨਾਲ ਵਿਉਂਤਬੰਦੀ ਕਰਨੀ ਚਾਹੀਦੀ ਹੈ ਤਾਂ ਜੋ ਤੁਹਾਨੂੰ ਆਮਦਨ ਮਿਲਦੀ ਰਹੇ । ਕਈ ਵੇਰ ਅਸੀਂ ਇਹ ਰਕਮ ਬੱਚਿਆਂ ਦੇ ਕਾਰੋਬਾਰ ਵਿਚ ਜਾਂ ਘਰ ਵਿਚ ਖਰਚ ਕਰ ਦਿੰਦੇ ਹਾਂ ਪਰ ਪਿਛੋਂ ਇਸ ਗਲਤੀ ਦਾ ਅਹਿਸਾਰ ਹੁੰਦਾ ਹੈ ਜਦੋਂ ਤੁਹਾਨੂੰ ਨਿੱਤ ਦੀਆਂ ਲੋੜਾਂ ਪੂਰੀਆਂ ਕਰਨ ਲਈ ਦੂਜਿਆਂ ਅੱਗੇ ਹੱਥ ਅੱਡਣੇ ਪੈਣ ।

ਆਪਣੇ ਨਿੱਤ ਦੇ ਰੁਝੇਵੇਂ ਬਣਾਵੋਂ । ਘਰ ਵਿਹਲਾ ਬੈਠਾ ਬੰਦਾ ਤਾਂ ਉਂਝਹੀ ਘਾਬਰ ਜਾਂਦਾ ਹੈ ਜਾਂ ਫਿਰ ਘਰ ਦੇ ਬਾਕੀ ਮੈਂਬਰਾਂ ਦੇ ਨੁਕਸ ਕਢਣ ਲਗ ਪੈਂਦਾ ਹੈ । ਨੁਕਸ ਕੱਢਣ ਦੀ ਥਾਂ ਸਾਰਿਆਂ ਨੂੰ ਹੱਲਾਸ਼ੇਰੀ ਦੇਵੋ । ਪਰਿਵਾਰ ਨੂੰ ਚੰਗੇ ਸੰਸਕਾਰ ਦੇਵੋ । ਪ੍ਰਮਾਤਮਾ ਦੀ ਰਜ਼ਾ ਵਿਚ ਰਹਿੰਦਿਆਂ ਸੁੱਚੀ ਕਿਰਤ ਦਾ ਸਬਕ ਪੜ੍ਹਾਵੋ । ਪਰ ਅਜੇਹਾ ਤੁਸੀਂ ਉਦੋਂ ਹੀ ਕਰ ਸਕਦੇ ਹੋ ਜੇਕਰ ਤੁਸੀਂ ਸੁੱਚੀ ਕਿਰਤ ਕੀਤੀ ਹੋਵੇਗੀ । ਸਵੇਰੇ ਸ਼ਾਮ ਸੈਰ ਕਰੋ ਤੇ ਗੁਰੂ ਘਰ ਹਾਜ਼ਰੀਆਂ ਭਰੋ । ਤੁਹਾਡੇ ਆਪਣੇ ਕੁਝ ਸ਼ੌਂਕ ਹੋਣਗੇ ਜਿਹੜੇ ਜਵਾਨੀ ਸਮੇਂ ਪਰਿਵਾਰਕ ਜ਼ੁੰਮੇਵਾਰੀਆਂ ਕਾਰਨ ਪੂਰੇ ਨਹੀਂ ਹੋ ਸਕੇ ਉਨ੍ਹਾਂ ਵਲ ਧਿਆਨ ਦੇਵੋ । ਬਹੁਤ ਸਾਰੀਆਂ ਸਮਾਜਿਕ ਜਥੇਬੰਦੀਆਂ ਹਨ ਜਿਹੜੀਆਂ ਸਮਾਜ ਸੇਵਾ ਦੇ ਕਾਰਜ ਕਰਦੀਆਂ ਹਨ । ਆਪਣੀ ਰੁਚੀ ਅਨੁਸਾਰ ਉਨ੍ਹਾਂ ਵਿਚ ਸ਼ਾਮਿਲ ਹੋ ਕੇ ਕੋਈ ਨਾ ਕੋਈ ਸਮਾਜ ਸੇਵਾ ਦੇ ਕਾਰਜ ਸ਼ੁਰੂ ਕਰੋ । ਸੇਵਾ ਕੀਤਿਆਂ ਜੋ ਅਨੰਦ ਮਿਲਦਾ ਹੈ ਉਹ ਪੈਸੇ ਨਾਲ ਨਹੀਂ ਖਰੀਦਿਆ ਜਾ ਸਕਦਾ । ਜੇਕਰ ਪਰਿਵਾਰ ਨਾਲ ਰਹਿੰਦਾ ਹੈ ਤਾਂ ਪਰਿਵਾਰ ਦੇ ਕੰਮਾਂ ਵਿਚ ਆਪਣਾ ਯੋਗਦਾਨ ਜ਼ਰੂਰ ਪਾਵੋ । ਰੁਝੇਵੇਂ ਜੀਵਨ ਨੂੰ ਤਾਜਗੀ ਬਖਸ਼ਦੇ ਹਨ ਜਦੋਂ ਕਿ ਵਿਹਲ ਨਿਰਾਸ਼ਾ ਦਾ ਕਾਰਨ ਬਣਦੀ ਹੈ । ਪੜ੍ਹਨ ਦਾ ਸ਼ੋਕ ਪਾਲੋ । ਨੇੜੇ ਦੀ ਲਾਇਬ੍ਰੇਰੀ ਦੇ ਮੈਂਬਰ ਬਣ ਕੇ ਚੰਗੀਆਂ ਕਿਤਾਬਾਂ ਪੜ੍ਹਨ ਦੀ ਆਦਤ ਪਾਵੋ । ਉਸਾਰੂ ਰੁਝੇਵਿਆਂ ਕਾਰਨ ਤੁਹਾਨੂੰ ਕਦੇ ਵੀ ਬੁਢਾਪੇ ਦਾ ਅਹਿਸਾਸ ਨਹੀਂ ਹੋਵੇਗਾ । ਸੂਝਵਾਨ ਲੋਕ ਪਤਝੜ ਦੇ ਮੌਸਮ ਦਾ ਵੀ ਬਹਾਰ ਦੇ ਮੌਸਮ ਵਾਂਗ ਵੀ ਅਨੰਦ ਮਾਣਦੇ ਹਨ । ਉਹ ਤਾਂ ਸਗੋਂ ਮਹਿਸੂਸ ਕਰਦੇ ਹਨ ਕਿ ਅਸਲੀ ਜੀਵਨ ਤਾਂ ਹੁਣ ਹੀ ਸ਼ੁਰੂ ਹੋਇਆ ਹੈ ਜਦੋਂ ਤੁਸੀਂ ਆਪਣੀ ਮਰਜ਼ੀ ਮੁਤਾਬਿਕ ਕਾਰਜ ਕਰ ਸਕਦੇ ਹੋ ।

RNI Regd. No. PUNPUN00806


ਖੇਤੀ ਦੁਨੀਆਂ
ਵੱਲੋਂ
ਕਿਸਾਨ ਭਰਾਵਾਂ ਅਤੇ ਡੀਲਰ/ਡਿਸਟਰੀਬਿਊਟਰਾਂ ਲਈ
ਚੰਦਿਆਂ 'ਤੇ ਵਿਸ਼ੇਸ਼ ਛੂਟ
ਡਾਕ ਰਾਹੀਂ ਪ੍ਰਾਪਤ ਕਰਨ ਲਈ ਚੰਦੇ
ਇੱਕ ਸਾਲ ਲਈ 500/- ਰੁਪਏ
ਦੋ ਸਾਲ ਲਈ 750/- ਰੁਪਏ
ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।
KHETI DUNIYAN
TID - 62763351
ਚੰਦੇ ਭਰਨ ਲਈ QR ਕੋਡ ਸਕੈਨ ਕਰੋ।
ਵਿਸ਼ੇਸ਼ ਆਫਰ
ਖੇਤੀ ਦੁਨੀਆਂ
ਵਟਸਐਪ ਰਾਹੀਂ ਪ੍ਰਾਪਤ ਕਰਨ ਲਈ
ਸਾਲਾਨਾ ਚੰਦਾ
ਸਿਰਫ 100/-* ਰੁਪਏ
Excellence in Agri Info
KHETI DUNIYAN
An Exclusive Agril. Weekly
ਖੇਤੀ ਦੁਨੀਆਂ
ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001
ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ : ਮੋ. 90410-14575
Website : www.khetiduniyan.in
E-mail : khetiduniyan1983@gmail.com

ਅਕਤੂਬਰ-ਨਵੰਬਰ ਮਹੀਨੇ ਸਰਦੀ ਰੁੱਤ ਦੀਆਂ ਪਨੀਰੀਆਂ ਲਗਾਉਣ ਲਈ ਬਹੁਤ ਹੀ ਢੁੱਕਵਾਂ ਹੈ, ਇਹਨਾਂ ਦੇ ਫੁੱਲ ਫਰਵਰੀ-ਮਾਰਚ ਵਿਚ ਪੂਰੀ ਤਰ੍ਹਾਂ ਖਿੜ ਜਾਣਗੇ, ਜਿਸ ਨਾਲ ਆਲਾ-ਦੁਆਲਾ ਸੁੰਦਰ, ਰੰਗੀਨ, ਮਨਮੋਹਕ ਅਤੇ ਸੁਗੰਧੀਆਂ ਭਰਿਆ ਹੋ ਜਾਵੇਗਾ। ਤੁਸੀਂ ਫਰਵਰੀ-ਮਾਰਚ 2025 ਮਹੀਨਿਆਂ ਵਿਚ ਲੱਗਣ ਵਾਲੇ ਜ਼ਿਲ੍ਹਾ ਪੱਧਰੀ, ਰਾਜ ਪੱਧਰੀ, ਪੀ. ਏ. ਯੂ. ਲੁਧਿਆਣਾ ਅਤੇ ਐਮ. ਸੀ. ਚੰਡੀਗੜ੍ਹ ਵੱਲੋਂ ਲਗਾਏ ਜਾਣ ਵਾਲੇ ਫਲਾਵਰ ਸ਼ੋਆਂ ਵਿਚ ਭਾਗ ਲੈ ਸਕਦੇ ਹੋ, ਜਿਸ ਨਾਲ ਤੁਹਾਨੂੰ ਮਾਨਸਿਕ ਤੌਰ ਤੇ ਬਹੁਤ ਖੁਸ਼ੀ ਹੋਵੇਗੀ, ਜਦੋਂ ਤੁਸੀਂ ਇਨਾਮ ਪ੍ਰਾਪਤ ਕਰੋਗੇ। ਇਹ ਪਨੀਰੀਆਂ ਤੁਸੀਂ ਗਮਲਿਆਂ ਵਿਚ ਅਤੇ ਫਲਾਵਰ ਬਿਡਜ਼ ਵਿੱਚ ਲਾ ਕੇ ਤਿਆਰ ਕਰ ਸਕਦੇ ਹੋ। ਇਹ ਫੁੱਲਾਂ ਦੀਆਂ ਪਨੀਰੀਆਂ ਕੱਦ ਦੇ ਹਿਸਾਬ ਨਾਲ ਤਰਤੀਬ ਵਿੱਚ ਲਗਾਉਣੀਆਂ ਚਾਹੀਦੀਆਂ ਹਨ ਅਤੇ ਇਹ ਵੱਖ-ਵੱਖ ਮੰਤਵਾਂ ਲਈ ਹੇਠ ਲਿਖੇ ਅਨੁਸਾਰ ਲਗਾਈਆਂ ਜਾ ਸਕਦੀਆਂ ਹਨ :



# ਸੀਜ਼ਨਲ ਫੁੱਲਾਂ ਦੀ ਪਨੀਰੀ ਲਗਾਓ ਵਾਤਾਵਰਨ ਨੂੰ ਮਨਮੋਹਕ ਬਣਾਓ

ਡਾ. ਸਵਰਨ ਸਿੰਘ ਮਾਨ,
ਸਾਬਕਾ ਡਿਪਟੀ ਡਾਇਰੈਕਟਰ ਬਾਗਬਾਨੀ ਵਿਭਾਗ,
ਪਟਿਆਲਾ (ਮੋ: 75080-18903)

### (ੳ) ਉੱਚੇ ਕੱਦ ਵਾਲੀਆਂ

ਗੁਲਦਾਉਦੀ, ਕੋਰਨ ਫਲਾਵਰ, ਸਵੀਟ ਸੁਲਤਾਨ, ਡੇਹਲੀਆ, ਲਾਰਕਸਪਰ, ਅਫਰੀਕਨ ਗੇਂਦਾ, ਐਂਟਰਾਈਨਮ, ਹੈਲੀਕਰਾਈਸਮ, ਹੋਲੀਹਾਕ, ਕਾਸਮਾਸ, ਸਵੀਟ ਪੀ, ਬਿਲਜ਼ ਆਫ ਆਇਰਲੈਂਡ।

### (ਅ) ਦਰਮਿਆਨੇ ਕੱਦ ਵਾਲੀਆਂ

ਐਕਰੋਕਲਾਈਜ਼ਮ, ਐਸਟਰ, ਕਾਰਨੇਸ਼ਨ, ਸਵੀਟ ਵਿਲੀਅਮ, ਪਟੂਨੀਆ, ਕਲਾਰਕੀਆ, ਕੈਲੇਫੋਰਨੀਆਂ ਪੋਪੀ, ਨਮੇਸ਼ੀਆਂ, ਗਜਾਨੀਆਂ, ਸਾਲਵੀਆ, ਵਾਲ ਫਲਾਵਰ, ਜਿਪਸੋਫਿਲਾ, ਸਟੇਟਿਸ, ਕੋਡੀਡਫਟ, ਕਲੈਂਡੁਲਾ,



ਫਲੌਕਸ, ਵਰਬੀਨਾ, ਡਾਈਮੋਰਫੋਥੀਕਾ, ਨਸ਼ਟਰਸ਼ੀਅਮ, ਸਿਨੇਰੇਰੀਆ।

### (ੲ) ਛੋਟੇ ਕੱਦ ਵਾਲੀਆਂ

ਬਰੈਚੀਕਮ, ਡੇਜ਼ੀ, ਪੇਜ਼ੀ, ਆਈਸ ਪਲਾਂਟ, ਸਵੀਟ ਅਲਾਈਸਮ, ਫਰੈਂਚ ਮੈਰੀਗੋਲਡ।

ਵੱਖ-ਵੱਖ ਸਥਾਨਾਂ ਲਈ ਹੇਠ ਲਿਖੇ ਅਨੁਸਾਰ ਸਰਦੀ ਰੁੱਤ ਦੀਆਂ ਪਨੀਰੀਆਂ ਲਗਾਈਆਂ ਜਾ ਸਕਦੀਆਂ ਹਨ :

1. **ਫਲਾਵਰ ਬਿਡਜ਼** : ਕਲੈਂਡੁਲਾ, ਫਲੈਕਸ, ਵਰਵੀਨਾ, ਡੇਹਲੀਆ, ਪਟੂਨੀਆ, ਨਮੇਸ਼ੀਆ, ਸਵੀਟ ਸੁਲਤਾਨ, ਐਂਟਰਾਈਨਮ, ਐਸਟਰ, ਮੈਰੀਗੋਲਡ।

2. **ਗਮਲੇ ਲਈ** : ਐਸਟਰ, ਪਟੂਨੀਆ, ਗਜ਼ਾਨੀਆ, ਸਿਨੇਰੇਰੀਆ, ਸਾਲਵੀਆ, ਨਮੇਸ਼ੀਆ, ਬਰੈਚੀਕਮ, ਪੇਜ਼ੀ, ਆਈਸ ਪਲਾਂਟ ਆਦਿ।

3. **ਖੁਸ਼ਬੂਦਾਰ ਫੁੱਲਾਂ ਲਈ** : ਸਵੀਟ ਸੁਲਤਾਨ, ਸਵੀਟ ਵਿਲੀਅਮ, ਸਜਾਵਟੀ ਮਟਰ, ਸਵੀਟ ਅਲਾਈਸਮ।

4. **ਛਾਂ ਵਾਲੀਆਂ ਥਾਵਾਂ ਲਈ** : ਸਾਲਵੀਆ, ਸਿਨੇਰੇਰੀਆ।

5. **ਪਰਦਾ ਕਰਨ ਲਈ** : ਸਜਾਵਟੀ ਮਟਰ, ਹੈਲੀਹਾਕ।

6. **ਰਾਕਰੀ ਲਈ** : ਸਵੀਟ ਅਲਾਈਸ਼ਮ, ਫਲੈਕਸ, ਬਰੋਜ਼ੀਕਮ, ਨਸ਼ਟਰਸ਼ੀਅਮ।

7. **ਸੁਕਾ ਕੇ ਰੱਖਣ ਲਈ** : ਨਾਈਜੇਲਾ, ਬਿਲਜ਼ ਆਫ ਆਇਰਲੈਂਡ, ਸਟੈਟਿਸ, ਹੈਲੀਕਰਾਈਸ਼ਮ, ਐਕਰੋ-ਕਲਾਈਨਮ।

ਉਕਤ ਤੋਂ ਬਿਨਾਂ ਗਲੈਡੀਓਲਸ ਅਤੇ ਜਾਫਰੀ ਦੇ ਫੁੱਲ ਘਰੇਲੂ ਵਰਤੋਂ ਲਈ ਅਤੇ ਵਪਾਰਕ ਪੱਧਰ 'ਤੇ ਵੀ ਲਗਾਏ ਜਾ ਸਕਦੇ ਹਨ। ਜਿਸ ਲਈ ਬਾਗਬਾਨੀ ਵਿਭਾਗ ਪੰਜਾਬ ਕੌਮੀ ਬਾਗਬਾਨੀ ਮਿਸ਼ਨ ਅਧੀਨ 25 ਤੋਂ 40% ਤੱਕ ਸਬਸਿਡੀ ਮੁਹੱਈਆ ਕਰਦਾ ਹੈ। ਵਪਾਰਕ ਪੱਧਰ ਦੀ ਖੇਤੀ ਲਈ ਜ਼ਿਰਬਰਾ, ਦੇਸੀ ਗੁਲਾਬ ਅਤੇ ਗਰਾਫਟਿਡ ਗੁਲਾਬ ਆਦਿ ਵੀ ਲਗਾਏ ਜਾ ਸਕਦੇ ਹਨ। ਕਈ ਪ੍ਰਾਈਵੇਟ ਕੰਪਨੀਆਂ ਜਿਵੇਂ ਬਾਇਓਕਰਵ ਸੀਡਜ਼ ਅਤੇ ਹਾਰਵੈਸਟ ਗ੍ਰੀਨ ਸੀਡਜ਼ ਕੰਪਨੀਆਂ ਪਟਿਆਲਾ ਤੋਂ ਬਾਈਬੈਕ ਸਕੀਮ ਅਧੀਨ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿਚ ਫਲਾਵਰ ਸੀਡਜ਼ ਤਿਆਰ ਕਰਵਾ ਕੇ ਖਰੀਦ ਲੈਂਦੀਆਂ ਹਨ ਅਤੇ ਇਹ ਸੀਡਜ਼ ਅਮਰੀਕਾ, ਕਨੇਡਾ, ਯੂਰਪ ਅਤੇ ਆਸਟਰੇਲੀਆ ਆਦਿ ਦੇਸ਼ਾਂ ਨੂੰ ਭੇਜੇ ਜਾਂਦੇ ਹਨ। ਬਾਗਬਾਨੀ ਵਿਭਾਗ ਪੰਜਾਬ ਵੱਲੋਂ ਕੌਮੀ ਬਾਗਬਾਨੀ ਮਿਸ਼ਨ ਅਧੀਨ ਫੁੱਲਾਂ ਦਾ ਬੀਜ ਤਿਆਰ ਕਰਨ ਲਈ 35 ਹਜ਼ਾਰ ਰੁਪਏ ਪ੍ਰਤੀ ਹੈਕਟੇਅਰ ਦੇ ਹਿਸਾਬ ਸਬਸਿਡੀ ਮੁਹੱਈਆ ਕੀਤੀ ਜਾਂਦੀ ਹੈ।

### ਆਪਣੇ ਘਰਾਂ ਅਤੇ ਪਾਰਕਾਂ ਵਿਚ ਫਰੈਸ਼ ਫਲਾਵਰ ਉਗਾਉਣ ਦੇ ਫਾਇਦੇ :

1. ਫੁੱਲ ਕੁਦਰਤ ਦੀ ਬਹੁਤ ਹੀ ਅਦਭੁਤ ਸੁੰਦਰਤਾ ਦਿੰਦੇ ਹਨ। ਇਹ ਸਾਨੂੰ ਤਾਜ਼ੀ ਆਕਸੀਜਨ ਮੁਹੱਈਆ ਕਰਦੇ ਹਨ ਅਤੇ ਬਹੁਤ ਵਧੀਆ ਜਿਓਣ ਦਾ ਮੌਕਾ ਦਿੰਦੇ ਹਨ।

2. ਫੁੱਲ ਸਟਰੈਸ ਅਤੇ ਡਿਪਰੈਸ਼ਨ ਨੂੰ ਦੂਰ ਕਰਦੇ ਹਨ ਅਤੇ ਮੈਂਟਲ ਹੈਲਥ ਨੂੰ ਰੀਲੈਕਸ ਕਰਦੇ ਹਨ।

3. ਇਹ ਸੀਨੀਅਰ ਸਿਟੀਜਨ ਵਿਅਕਤੀਆਂ ਵਿਚ ਯਾਦਾਸ਼ਤ ਵਧਾਉਂਦੇ ਹਨ।

4. ਫੁੱਲ ਸਾਡੇ ਮੂਡ ਨੂੰ ਠੀਕ ਕਰਦੇ ਹਨ ਅਤੇ ਇਹਨਾਂ ਦੇ ਕੋਲ ਰਹਿਣ ਵਾਲੇ ਵਿਅਕਤੀ ਵਧੀਆ ਡੂੰਘੀ ਨੀਂਦ ਮਹਿਸੂਸ ਕਰਦੇ ਹਨ।

5. ਫੁੱਲ ਸਾਨੂੰ ਪੋਜ਼ੇਟਿਵ ਈਮੋਸ਼ਨਜ਼ ਸਪਲਾਈ ਕਰਦੇ ਹਨ।

6. ਫੁੱਲਾਂ ਦੀ ਸੁਗੰਧ ਸਾਡੇ ਦਿਮਾਗ ਨੂੰ ਐਕਟੀਵੇਟ ਕਰਦੀ ਹੈ।

7. ਫੁੱਲ ਸਾਡੇ ਘਰਾਂ ਅਤੇ ਪਾਰਕਾਂ ਵਿੱਚ ਖਾਲੀ ਪਈ ਜਗ੍ਹਾਂ ਨੂੰ ਸਵੱਛਤਾ ਮੁਹੱਈਆ ਕਰਦੇ ਹਨ, ਨਹੀਂ ਤਾਂ ਇਹਨਾਂ ਜਗ੍ਹਾਂ ਉੱਤੇ ਨਦੀਨ ਉੱਗ ਪੈਂਦੇ ਹਨ।

8. ਫੁੱਲ ਕੁਦਰਤ ਦੇ ਵੱਖ-ਵੱਖ ਰੰਗਾਂ ਨਾਲ ਆਲੇ-ਦੁਆਲੇ ਦੀ ਦਿੱਖ ਨੂੰ ਚਾਰ-ਚੰਨ ਲਾਉਂਦੇ ਹਨ।

9. ਫੁੱਲ ਸਾਡੀ ਪ੍ਰੋਡਕਟੀਵਿਟੀ ਅਤੇ ਕਰੀਏਟੀਵਿਟੀ ਨੂੰ ਵਧਾਉਂਦੇ ਹਨ।

10. ਫੁੱਲ ਬਿਮਾਰ ਵਿਅਕਤੀਆਂ ਨੂੰ ਤੰਦਰੁਸਤ ਮਹਿਸੂਸ ਕਰਨ ਵਿੱਚ ਮਦਦ ਕਰਦੇ ਹਨ।

11. ਵਿਹਲੇ ਸਮੇਂ ਦੀ ਵਰਤੋਂ ਯੋਗ ਕੰਮਾਂ ਦੇ ਲਈ ਹੋ ਸਕਦੀ ਹੈ ਅਤੇ ਸਰੀਰ ਦੀ ਕਸਰਤ ਵੀ ਹੁੰਦੀ ਰਹਿੰਦੀ ਹੈ।

12. ਬੇਰੁਜ਼ਗਾਰ ਵਿਅਕਤੀ ਫੁੱਲਾਂ ਵਾਲੇ ਗਮਲੇ ਤਿਆਰ ਕਰਕੇ ਵੇਚ ਸਕਦੇ ਹਨ ਅਤੇ ਆਮਦਨ ਦਾ ਸਾਧਨ ਬਣ ਸਕਦਾ ਹੈ।



13. ਵੱਖ-ਵੱਖ ਫੁੱਲਾਂ ਦੇ ਮੁਕਾਬਲਿਆਂ ਵਿੱਚ ਜਾ ਕੇ ਭਾਗ ਲੈ ਸਕਦੇ ਹਾਂ ਅਤੇ ਇਨਾਮ ਪ੍ਰਾਪਤ ਕਰਕੇ ਆਪਣੀ ਵੱਖਰੀ ਪਹਿਚਾਣ ਸਮਾਜ ਵਿਚ ਬਣ ਸਕਦੀ ਹੈ।

ਹੋਰ ਵਧੇਰੇ ਜਾਣਕਾਰੀ ਲਈ ਤੁਸੀਂ ਬਾਗਬਾਨੀ ਵਿਭਾਗ ਪੰਜਾਬ ਜਾਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਬਾਗਬਾਨੀ ਮਾਹਿਰਾਂ ਨਾਲ ਸੰਪਰਕ ਕਰ ਸਕਦੇ ਹੋ।